Samaj Weekly

# ਸਮਾਜ ਵੀਕਲੀ

Punjabi, Hindi & English Newspaper - UK & EU Edition

Vol : 4 : # ਅੰਕ 279 | 26/03/2026 | www.samajweekly.com | samajweekly | @samajweekly | samajweekly



## ਅਦਾਰਾ ਸਮਾਜ ਵੀਕਲੀ ਵਲੋਂ ਚੱਕਰਵਰਤੀ ਸਮਰਾਟ ਅਸ਼ੋਕ ਜਯੰਤੀ ਦੀਆਂ ਸ਼ੁਭਕਾਮਨਾਵਾਂ

# ਦਿੱਲੀ ਵਿੱਚ ਕਾਂਗਰਸ ਲਈ ਖੜ੍ਹੀ ਹੋਈ ਵੱਡੀ ਮੁਸੀਬਤ, ਦੋ ਦਫ਼ਤਰ ਖ਼ਾਲੀ ਕਰਨ ਦਾ ਮਿਲਿਆ ਨੋਟਿਸ

**ਨਵੀਂ ਦਿੱਲੀ।** ਰਾਸ਼ਟਰੀ ਰਾਜਧਾਨੀ ਦਿੱਲੀ ਵਿੱਚ ਕਾਂਗਰਸ ਪਾਰਟੀ ਲਈ ਇੱਕ ਵੱਡੀ ਮੁਸ਼ਕਲ ਖੜ੍ਹੀ ਹੁੰਦੀ ਨਜ਼ਰ ਆ ਰਹੀ ਹੈ। ਕਾਂਗਰਸ ਨੂੰ ਆਪਣੇ ਦੋ ਅਹਿਮ ਦਫ਼ਤਰ ਖ਼ਾਲੀ ਕਰਨ ਦਾ ਸਰਕਾਰੀ ਨੋਟਿਸ ਮਿਲਿਆ ਹੈ। ਇਸ ਵਿੱਚ ਕਾਂਗਰਸ ਦਾ ਪੁਰਾਣਾ ਮੁੱਖ ਦਫ਼ਤਰ '24 ਅਕਬਰ ਰੋਡ' ਅਤੇ ਯੂਥ ਕਾਂਗਰਸ ਦਾ ਦਫ਼ਤਰ '5 ਰਾਏਸੀਨਾ ਰੋਡ' ਸ਼ਾਮਲ ਹਨ। ਮੀਡੀਆ ਰਿਪੋਰਟਾਂ ਅਨੁਸਾਰ, ਨਵੇਂ ਹੈੱਡਕੁਆਰਟਰ 'ਇੰਦਰਾ ਭਵਨ' ਵਿੱਚ ਸ਼ਿਫਟ ਹੋਣ ਦੇ ਬਾਵਜੂਦ ਕਾਂਗਰਸ ਨੇ ਅਕਬਰ ਰੋਡ ਵਾਲੇ ਬੰਗਲੇ ਨੂੰ ਖ਼ਾਲੀ ਨਹੀਂ ਕੀਤਾ ਸੀ ਅਤੇ ਉੱਥੇ ਪਹਿਲਾਂ ਵਾਂਗ ਹੀ ਪਾਰਟੀ ਦੀਆਂ ਗਤੀਵਿਧੀਆਂ ਚੱਲ ਰਹੀਆਂ ਹਨ। ਕਾਂਗਰਸ ਨੂੰ ਅਕਬਰ ਰੋਡ ਸਥਿਤ ਆਪਣਾ ਦਫ਼ਤਰ ਖ਼ਾਲੀ ਕਰਨ ਲਈ 28 ਮਾਰਚ ਤੱਕ ਦੀ ਮੋਹਲਤ ਦਿੱਤੀ ਗਈ ਹੈ। ਇਸ ਕਾਰਵਾਈ 'ਤੇ ਤਿੱਖੀ



ਪ੍ਰਤੀਕਿਰਿਆ ਦਿੰਦਿਆਂ ਕਾਂਗਰਸੀ ਸਾਂਸਦ ਇਮਰਾਨ ਮਸੂਦ ਨੇ ਕਿਹਾ ਕਿ ਸਰਕਾਰ ਸੋਚਦੀ ਹੈ ਕਿ ਉਹ ਦਬਾਅ ਬਣਾ ਕੇ ਕਾਂਗਰਸ ਨੂੰ ਚੁੱਪ ਕਰਵਾ ਸਕਦੀ ਹੈ। ਉਨ੍ਹਾਂ ਕਿਹਾ, "ਉਨ੍ਹਾਂ ਨੂੰ ਸਾਨੂੰ ਡਰਾਉਣ ਦੀ ਕੋਸ਼ਿਸ਼ ਨਹੀਂ ਕਰਨੀ ਚਾਹੀਦੀ। ਕੀ ਉਨ੍ਹਾਂ ਨੂੰ ਅਸ਼ੋਕ ਰੋਡ ਸਥਿਤ 11 ਨੰਬਰ ਦਫ਼ਤਰ ਜਾਂ ਪੰਤ ਮਾਰਗ ਵਾਲਾ ਦਫ਼ਤਰ ਮਿਲ ਗਿਆ ਹੈ? ਕਿਉਂਕਿ ਉਹ ਈਰਾਨ ਜੰਗ ਦੇ ਸਬੰਧ ਵਿੱਚ ਕੁਝ ਨਹੀਂ ਕਰ ਸਕੇ, ਇਸ ਲਈ ਉਹ ਅਜਿਹੇ ਮੁੱਦਿਆਂ ਨਾਲ ਲੋਕਾਂ ਦਾ ਧਿਆਨ ਭਟਕਾਉਣ ਦੀ ਕੋਸ਼ਿਸ਼ ਕਰ ਰਹੇ ਹਨ।" ਜ਼ਿਕਰਯੋਗ ਹੈ ਕਿ ਪਿਛਲੇ 48 ਸਾਲਾਂ ਤੋਂ 24 ਅਕਬਰ ਰੋਡ ਕਾਂਗਰਸ ਦਾ ਮੁੱਖ ਦਫ਼ਤਰ ਰਿਹਾ ਹੈ। ਹਾਲਾਂਕਿ ਪਿਛਲੇ ਸਾਲ ਕਾਂਗਰਸ ਦੇ ਨਵੇਂ ਹੈੱਡਕੁਆਰਟਰ 'ਇੰਦਰਾ ਭਵਨ' ਦਾ ਉਦਘਾਟਨ ਹੋ ਚੁੱਕਾ ਹੈ, ਪਰ ਪਾਰਟੀ ਨੇ ਅਜੇ ਤੱਕ ਪੁਰਾਣੇ ਦਫ਼ਤਰ ਦਾ ਕਬਜ਼ਾ ਨਹੀਂ ਛੱਡਿਆ। ਚਰਚਾ ਹੈ ਕਿ ਨੋਟਿਸ ਮਿਲਣ ਤੋਂ ਬਾਅਦ ਕਾਂਗਰਸ ਹੁਣ ਕਾਨੂੰਨੀ ਰਾਹ ਅਪਣਾਉਣ 'ਤੇ ਵਿਚਾਰ ਕਰ ਰਹੀ ਹੈ।

# ਸੋਨੀਆ ਗਾਂਧੀ ਦੀ ਵਿਗੜੀ ਸਿਹਤ, ਛਾਤੀ ਵਿੱਚ ਇਨਫੈਕਸ਼ਨ ਤੋਂ ਬਾਅਦ ਹਸਪਤਾਲ ਵਿੱਚ ਕਰਵਾਇਆ ਭਰਤੀ

**ਨਵੀਂ ਦਿੱਲੀ।** ਕਾਂਗਰਸ ਦੀ ਸੀਨੀਅਰ ਨੇਤਾ ਅਤੇ ਸਾਬਕਾ ਪ੍ਰਧਾਨ ਸੋਨੀਆ ਗਾਂਧੀ ਨੂੰ ਮੰਗਲਵਾਰ ਰਾਤ 11:15 ਵਜੇ ਦੇ ਕਰੀਬ ਦਿੱਲੀ ਦੇ ਸਰ ਗੰਗਾ ਰਾਮ ਹਸਪਤਾਲ ਵਿੱਚ ਦਾਖ਼ਲ ਕਰਵਾਇਆ ਗਿਆ। ਰਿਪੋਰਟਾਂ ਅਨੁਸਾਰ, ਉਨ੍ਹਾਂ ਨੇ ਛਾਤੀ ਵਿੱਚ ਇਨਫੈਕਸ਼ਨ ਦੀ ਸ਼ਿਕਾਇਤ ਕੀਤੀ। ਜਿਸ ਤੋਂ ਬਾਅਦ ਉਨ੍ਹਾਂ ਨੂੰ ਤੁਰੰਤ ਹਸਪਤਾਲ ਲਿਜਾਇਆ ਗਿਆ। ਹਸਪਤਾਲ ਪ੍ਰਬੰਧਨ ਨੇ ਦੱਸਿਆ ਕਿ ਸ਼ੁਰੂਆਤੀ



ਮੁਲਾਂਕਣ ਤੋਂ ਬਾਅਦ, ਉਨ੍ਹਾਂ ਨੂੰ ਇੰਟੈਂਸਿਵ ਕੇਅਰ (ਆਈਸੀਯੂ) ਵਿੱਚ ਰੱਖਿਆ ਗਿਆ ਹੈ, ਜਿੱਥੇ ਮਾਹਰ ਡਾਕਟਰਾਂ ਦੀ ਇੱਕ ਵਿਸ਼ੇਸ਼ ਟੀਮ ਉਨ੍ਹਾਂ ਦੀ ਸਿਹਤ ਦੀ ਲਗਾਤਾਰ ਨਿਗਰਾਨੀ ਕਰ ਰਹੀ ਹੈ। ਉਨ੍ਹਾਂ ਦੀ ਹਾਲਤ ਇਸ ਸਮੇਂ ਸਥਿਰ ਦੱਸੀ ਜਾ ਰਹੀ ਹੈ। ਹਸਪਤਾਲ ਪ੍ਰਸ਼ਾਸਨ ਦੇ ਅਨੁਸਾਰ, ਉਨ੍ਹਾਂ ਦੀ ਸਿਹਤ ਸੰਬੰਧੀ ਇੱਕ ਵਿਸਤ੍ਰਿਤ ਮੈਡੀਕਲ ਬੁਲੇਟਿਨ ਅੱਜ ਸਵੇਰੇ ਜਾਰੀ ਕੀਤੇ ਜਾਣ ਦੀ ਉਮੀਦ ਹੈ, ਜਿਸ ਵਿੱਚ ਉਨ੍ਹਾਂ ਦੀ ਮੌਜੂਦਾ ਸਥਿਤੀ ਦੀ ਸਪਸ਼ਟ ਜਾਣਕਾਰੀ ਮਿਲੇਗੀ। ਇਸ ਖ਼ਬਰ ਨੇ ਕਾਂਗਰਸੀ ਵਰਕਰਾਂ ਅਤੇ ਸ਼ੁਭਚਿੰਤਕਾਂ ਵਿੱਚ ਚਿੰਤਾ ਦੀ ਲਹਿਰ ਫੈਲਾ ਦਿੱਤੀ ਹੈ।

# ਦਿੱਲੀ ਵਿਚ ਹੋਇਆ ਹਰੀਸ਼ ਰਾਣਾ ਦਾ ਅੰਤਿਮ ਸਸਕਾਰ

**ਨਵੀਂ ਦਿੱਲੀ।** ਇੱਛਾ ਮੌਤ ਪਾਉਣ ਵਾਲੇ ਗਾਜ਼ੀਆਬਾਦ ਦੇ ਹਰੀਸ਼ ਰਾਣਾ ਦਾ ਅੰਤਿਮ ਸਸਕਾਰ ਕਰ ਦਿੱਤਾ ਗਿਆ ਹੈ। ਉਨ੍ਹਾਂ ਦੇ ਛੋਟੇ ਭਰਾ, ਆਸ਼ੀਸ਼ ਨੇ ਅੱਜ ਸਵੇਰੇ 9:40 ਵਜੇ ਦਿੱਲੀ ਦੇ ਗ੍ਰੀਨ ਪਾਰਕ ਸ਼ਮਸ਼ਾਨਘਾਟ ਵਿੱਚ ਚਿਤਾ ਨੂੰ ਅਗਨੀ ਦਿੱਤੀ। ਇਸ ਤੋਂ ਪਹਿਲਾਂ, ਹਰੀਸ਼ ਦੀ ਦੇਹ ਨੂੰ ਸ਼ਮਸ਼ਾਨਘਾਟ ਲਿਆਂਦਾ ਗਿਆ। ਉਸ ਦੇ ਪਿਤਾ, ਅਸ਼ੋਕ ਰਾਣਾ (62) ਨੇ ਆਪਣੇ ਪੁੱਤਰ ਨੂੰ ਅੰਤਿਮ ਸ਼ਰਧਾਂਜਲੀ ਦਿੱਤੀ। ਰੋਂਦੇ ਹੋਏ ਪਿਤਾ ਨੇ ਭੀੜ ਦੇ ਸਾਹਮਣੇ ਆਪਣੇ ਹੱਥ ਜੋੜ ਕੇ ਕਿਹਾ: "ਕੋਈ ਨਾ ਰੋਵੇ। ਪੁੱਤਰ ਸ਼ਾਂਤੀ ਨਾਲ ਜਾਵੇ। ਪੁੱਤ ਹੁਣ ਜਿੱਥੇ ਵੀ ਜਨਮ ਲਵੇ, ਉਸ ਨੂੰ ਰੱਬ ਦਾ ਅਸ਼ੀਰਵਾਦ ਮਿਲੇ"। 31 ਸਾਲਾ ਹਰੀਸ਼ ਨੇ ਕੱਲ੍ਹ, 24 ਮਾਰਚ ਨੂੰ ਏਮਜ਼, ਦਿੱਲੀ ਵਿਚ ਆਖ਼ਰੀ ਸਾਹ ਲਏ। ਉਹ 13 ਸਾਲਾਂ ਤੋਂ ਕੋਮਾ ਵਿਚ ਸਨ। ਡਾਕਟਰਾਂ ਦੇ ਅਨੁਸਾਰ, ਪਰਿਵਾਰ ਨੇ ਹਰੀਸ਼ ਦੇ ਫੇਫੜੇ,



ਦੋਵੇਂ ਗੁਰਦੇ ਅਤੇ ਕੌਰਨੀਆ ਦਾਨ ਕਰ ਦਿੱਤੇ ਹਨ। ਇਸ ਨਾਲ ਛੇ ਲੋਕਾਂ ਨੂੰ ਨਵੀਂ ਜ਼ਿੰਦਗੀ ਮਿਲਣ ਦੀ ਉਮੀਦ ਹੈ। ਹਰੀਸ਼ ਨੂੰ ਏਮਜ਼ ਵਿਖੇ ਪੈਸਿਵ ਯੂਥੇਨੇਸੀਆ ਦਿੱਤਾ ਗਿਆ ਸੀ। ਇਸ ਦਾ ਅਰਥ ਹੈ ਕਿ ਇੱਕ ਗੰਭੀਰ ਰੂਪ ਵਿੱਚ ਬਿਮਾਰ ਮਰੀਜ਼ ਨੂੰ ਜ਼ਿੰਦਾ ਰੱਖਣ ਲਈ ਦਿੱਤੀ ਜਾ ਰਹੀ ਬਾਹਰੀ ਜੀਵਨ ਸਹਾਇਤਾ ਜਾਂ ਇਲਾਜ ਬੰਦ ਕਰ ਦਿੱਤਾ ਜਾਂਦਾ ਹੈ, ਜਿਸ ਨਾਲ ਮਰੀਜ਼ ਕੁਦਰਤੀ ਤੌਰ 'ਤੇ ਮਰ ਸਕਦਾ ਹੈ। ਸੁਪਰੀਮ ਕੋਰਟ ਨੇ 11 ਮਾਰਚ ਨੂੰ ਹਰੀਸ਼ ਨੂੰ ਇੱਛਾ ਮੌਤ ਦੀ ਇਜਾਜ਼ਤ ਦਿੱਤੀ ਸੀ। ਇਹ ਦੇਸ਼ ਦਾ ਪਹਿਲਾ ਮਾਮਲਾ ਹੈ ਜਿੱਥੇ ਇੱਛਾ ਮੌਤ ਦੀ ਇਜਾਜ਼ਤ ਦਿੱਤੀ ਗਈ ਹੈ। ਹਰੀਸ਼ ਨੂੰ 14 ਮਾਰਚ ਨੂੰ ਉਸ ਦੇ ਗਾਜ਼ੀਆਬਾਦ ਘਰ ਤੋਂ ਏਮਜ਼, ਦਿੱਲੀ ਤਬਦੀਲ ਕਰ ਦਿੱਤਾ ਗਿਆ ਸੀ। 16 ਮਾਰਚ ਨੂੰ, ਹਰੀਸ਼ ਦੀ ਫੀਡਿੰਗ ਟਿਊਬ ਹਟਾ ਦਿੱਤੀ ਗਈ ਸੀ।

Samaj Weekly
ਸਮਾਜ ਵੀਕਲੀ
Editor-in-chief
Devinder Chander
+44 7878 456 484
Editorial Office
Samaj Weekly
Samaj Media Enterprise Ltd
46 Summer Road
Erdington,Birmingham UK
B23 6UR
+44 7878 456 484
+44 121 565 4810
info@samajweekly.com
samajweekly@gmail.com
ਹਰ ਪ੍ਰਕਾਰ ਦੇ ਵਪਾਰਕ ਅਤੇ ਕਲਾਸੀਫਾਈਡ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

# ਹਰਿਆਣਾ ਦੇ ਨੌਜਵਾਨ ਦੀ ਸਪੇਨ ਵਿਚ ਕਰੰਟ ਲੱਗਣ ਨਾਲ ਮੌਤ

**ਕੈਥਲ।** ਕੈਥਲ ਜ਼ਿਲ੍ਹੇ ਦੇ ਰਿਵਾੜ ਜਾਗੀਰ ਪਿੰਡ ਦੇ 32 ਸਾਲਾ ਦੀਪਕ ਦੀ ਸਪੇਨ ਵਿਚ ਕਰੰਟ ਲੱਗਣ ਨਾਲ ਮੌਤ ਹੋ ਗਈ। ਉਸ ਦੀ ਲਾਸ਼ ਅੱਜ ਪਿੰਡ ਪਹੁੰਚੇਗੀ। ਜਿਥੇ ਪਰਿਵਾਰ ਉਸ ਦਾ ਅੰਤਿਮ ਸਸਕਾਰ ਕਰੇਗਾ। ਦੀਪਕ ਦੀ ਲਾਸ਼ ਦਿੱਲੀ ਤੋਂ ਕੈਥਲ ਦੇ ਰਿਵਾੜ ਜਾਗੀਰ ਪਿੰਡ ਲਿਆਂਦੀ ਜਾਵੇਗੀ। ਚੰਗੇ ਭਵਿੱਖ ਲਈ ਦੀਪਕ ਵਿਦੇਸ਼ ਗਿਆ ਸੀ। ਜਾਣਕਾਰੀ ਅਨੁਸਾਰ ਦੀਪਕ ਆਪਣੇ ਪਰਿਵਾਰ ਨਾਲ ਵੀਡੀਓ ਕਾਲ 'ਤੇ ਗੱਲ ਕਰ ਰਿਹਾ ਸੀ। ਉਦੋਂ ਹੀ ਉਸ ਨੂੰ ਅਚਾਨਕ ਕਰੰਟ ਲੱਗ ਗਿਆ ਅਤੇ ਉਸ ਦੀ ਮੌਤ ਹੋ ਗਈ। ਪਰਿਵਾਰਕ ਮੈਂਬਰਾਂ ਨੇ ਉਸ ਨਾਲ ਫ਼ੋਨ 'ਤੇ ਸੰਪਰਕ ਕਰਨ ਦੀ ਕੋਸ਼ਿਸ਼ ਕੀਤੀ। ਫ਼ੋਨ ਚਾਲ ਰਿਹਾ ਸੀ ਪਰ ਨੌਜਵਾਨ ਕੁਝ ਵੀ ਬੋਲ ਨਹੀਂ ਰਿਹਾ ਸੀ। ਬਾਅਦ ਵਿੱਚ, ਕਾਲ ਕੱਟਣ ਤੋਂ ਬਾਅਦ, ਪਰਿਵਾਰਕ ਮੈਂਬਰਾਂ ਨੇ ਦੀਪਕ ਦੇ ਦੋਸਤ ਨੂੰ ਫੋਨ ਕੀਤਾ। ਦੋਸਤ



ਦੀਪਕ ਦੇ ਕੰਮ ਵਾਲੀ ਥਾਂ 'ਤੇ ਪਹੁੰਚਿਆ ਜਿਥੇ ਉਸ ਨੇ ਦੀਪਕ ਨੂੰ ਮ੍ਰਿਤਕ ਪਿਆ ਦੇਖਿਆ। ਉਸ ਨੇ ਤੁਰੰਤ ਦੀਪਕ ਦੇ ਪਰਿਵਾਰ ਨੂੰ ਸੂਚਿਤ ਕੀਤਾ। ਦੀਪਕ ਦੇ ਭਰਾ ਸੋਨੂੰ ਨੇ ਕਿਹਾ ਕਿ ਉਨ੍ਹਾਂ ਨੇ 10 ਮਹੀਨੇ ਪਹਿਲਾਂ 21 ਲੱਖ ਰੁਪਏ ਲਗਾ ਕੇ ਦੀਪਕ ਨੂੰ ਸਪੇਨ ਭੇਜਿਆ ਸੀ ਉਨ੍ਹਾਂ ਨੇ ਅੱਧਾ ਏਕੜ ਜ਼ਮੀਨ ਗਿਰਵੀ ਰੱਖੀ ਸੀ ਅਤੇ ਰਿਸ਼ਤੇਦਾਰਾਂ ਤੋਂ ਕੁਝ ਪੈਸੇ ਉਧਾਰ ਲਏ ਸਨ। ਪਰਿਵਾਰ ਨੂੰ ਉਮੀਦ ਸੀ ਕਿ ਦੀਪਕ ਘਰ ਦੀ ਗਰੀਬੀ ਦੂਰ ਕਰੇਗਾ, ਪਰ ਰੱਬ ਨੂੰ ਕੁਝ ਹੋਰ ਹੀ ਮਨਜ਼ੂਰ ਸੀ।

ਪੱਤਰਕਾਰਾਂ ਦੀ ਲੋੜ

ਇੰਗਲੈਂਡ ਦੇ ਹਰ ਇਲਾਕੇ 'ਚ ਪੱਤਰਕਾਰਾਂ ਦੀ ਲੋੜ ਹੈ, ਪੱਤਰਕਾਰਤਾ ਦਾ ਸ਼ੌਕ ਰੱਖਣ ਵਾਲੇ ਆਪਣੀ C.V. email: samajweekly@gmail.com ਉੱਤੇ ਭੇਜ ਸਕਦੇ ਹਨ।

Editor-in-chief : **Devinder Chander**

**Mob: 07878 456 484**

ਨੋਟ : ਪੱਤਰਕਾਰਤਾ ਦਾ ਤਜੁਰਬਾ ਰੱਖਣ ਵਾਲੇ ਨੂੰ ਪਹਿਲ ਦਿਤੀ ਜਾਵੇਗੀ।

# ‘ਆਪ' ਵਿਧਾਇਕ ਹਰਮੀਤ ਸਿੰਘ ਪਠਾਣਮਾਜਰਾ ਗ੍ਰਿਫ਼ਤਾਰ



**ਪਟਿਆਲਾ** । ਪਟਿਆਲਾ ਜ਼ਿਲ੍ਹੇ ਦੇ ਵਿਧਾਨ ਸਭਾ ਹਲਕਾ ਸਨੌਰ ਤੋਂ ਆਮ ਆਦਮੀ ਪਾਰਟੀ ਦੇ ਵਿਧਾਇਕ ਹਰਮੀਤ ਸਿੰਘ ਪਠਾਣਮਾਜਰਾ ਨੂੰ ਪਟਿਆਲਾ ਪੁਲਿਸ ਵੱਲੋਂ ਗ੍ਰਿਫ਼ਤਾਰ ਕੀਤੇ ਜਾਣ ਦੀ ਖ਼ਬਰ ਸਾਹਮਣੇ ਆਈ ਹੈ। ਪਠਾਣਮਾਜਰਾ ਉਨ੍ਹਾਂ ਦੀ ਦੂਜੀ ਪਤਨੀ ਵੱਲੋਂ ਲਾਏ ਸਰੀਰਕ ਸ਼ੋਸ਼ਣ ਦੇ ਇਲਜ਼ਾਮਾਂ ਤੋਂ ਬਾਅਦ ਫਰਾਰ ਚੱਲ ਰਹੇ ਸਨ। ਪਠਾਣਮਾਜਰਾ ਵੱਲੋਂ ਅਦਾਲਤ 'ਚ ਆਪਣੀ ਜ਼ਮਾਨਤ ਲਈ ਪਟੀਸ਼ਨ ਵੀ ਦਾਇਰ ਕੀਤੀ ਗਈ ਸੀ ਪਰ ਅਦਾਲਤ ਉਨ੍ਹਾਂ ਦੀ ਜ਼ਮਾਨਤ ਪਟੀਸ਼ਨ ਵਾਲੀ ਨੂੰ ਖਾਰਜ ਕਰਦਿਆਂ ਜ਼ਮਾਨਤ ਦੇਣ ਤੋਂ ਇਨਕਾਰ ਕਰ ਦਿੱਤਾ। ਜਿਸ ਤੋਂ ਬਾਅਦ ਉਨ੍ਹਾਂ ਜ਼ਮਾਨਤ ਲੈਣ ਲਈ ਪੰਜਾਬ-ਹਰਿਆਣਾ ਹਾਈ ਕੋਰਟ ਦਾ ਵੀ ਰੁਖ ਕੀਤਾ ਸੀ ਪਰ ਉਨ੍ਹਾਂ ਨੂੰ ਉਥੋਂ ਵੀ ਜ਼ਮਾਨਤ ਨਹੀਂ ਮਿਲੀ ਸੀ, ਜਿਸ ਤੋਂ ਬਾਅਦ ਅਦਾਲਤ ਨੇ ਪਠਾਣਮਾਜਰਾ ਨੂੰ ਭਗੌੜਾ ਐਲਾਨ ਦਿੱਤਾ ਸੀ। ਉਧਰ ਪਟਿਆਲਾ ਦੇ ਐਸ.ਐਸ.ਪੀ. ਵਰੁਣ ਸ਼ਰਮਾ ਨੇ ਦੱਸਿਆ ਪਟਿਆਲਾ ਪੁਲਿਸ ਦੀਆਂ 5-6 ਟੀਮਾਂ ਪਠਾਣਮਾਜਰਾ ਨੂੰ ਗ੍ਰਿਫ਼ਤਾਰ ਕਰਨ ਲਈ ਕੰਮ ਕਰ ਰਹੀਆਂ ਸਨ। ਉਨ੍ਹਾਂ ਦੱਸਿਆ ਕਿ ਪਠਾਣਮਾਜਰਾ ਨੂੰ ਮੱਧ ਪ੍ਰਦੇਸ਼ ਦੇ ਸ਼ਿਵਪੁਰੀ ਗਵਾਲੀਅਰ ਤੋਂ ਗ੍ਰਿਫ਼ਤਾਰ ਕੀਤਾ ਗਿਆ। ਗ੍ਰਿਫ਼ਤਾਰ ਸਮੇਂ ਉਨ੍ਹਾਂ ਇਕ ਸਕਾਰਪੀਓ ਗੱਡੀ 'ਚੋਂ 3 ਹੋਰ ਸਾਥੀਆਂ ਸਮੇਤ ਗ੍ਰਿਫ਼ਤਾਰ ਕੀਤਾ ਗਿਆ। ਐਸ.ਐਸ.ਪੀ. ਨੇ ਦੱਸਿਆ ਕਿ ਪਠਾਣਮਾਜਰਾ ਨੂੰ ਲੈ ਕੇ ਪੁਲਿਸ ਪਟਿਆਲਾ ਪਹੁੰਚ ਚੁੱਕੀ ਹੈ ਅਤੇ ਉਨ੍ਹਾਂ ਨੂੰ ਅੱਜ ਹੀ ਅਦਾਲਤ ਵਿਚ ਪ੍ਰੇਸ ਕਰਕੇ ਰਿਮਾਂਡ ਲੈਣ ਦੀ ਕੋਸ਼ਿਸ਼ ਕੀਤੀ ਜਾਵੇਗੀ।

# ਐਲਪੀਜੀ ਸਿਲੰਡਰ ਬੁਕਿੰਗ ਨਿਯਮਾਂ ‘ਚ ਬਦਲਾਅ: ਹੁਣ 35 ਦਿਨਾਂ ਤੋਂ ਪਹਿਲਾਂ ਨਹੀਂ ਹੋ ਸਕੇਗੀ ਬੁਕਿੰਗ, ਸਰਕਾਰ ਨੇ ਦਿੱਤੀ ਸਪੱਸ਼ਟ ਹਦਾਇਤ

**ਨਵੀਂ ਦਿਲੀ।** ਦੇਸ਼ ਭਰ ਵਿੱਚ ਐਲਪੀਜੀ ਗੈਸ ਸਿਲੰਡਰਾਂ ਦੀ ਬੁਕਿੰਗ ਲਈ ਨਵੇਂ ਨਿਯਮਾਂ ਨੂੰ ਲੈ ਕੇ ਹਾਲੀਆ ਖ਼ਬਰਾਂ ਨੇ ਲੋਕਾਂ ਵਿੱਚ ਚਿੰਤਾ ਪੈਦਾ ਕਰ ਦਿੱਤੀ ਹੈ। ਲੋਕਾਂ ਨੂੰ ਖ਼ਾਸ ਕਰਕੇ ਪੱਛਮੀ ਏਸ਼ੀਆ ਵਿੱਚ ਚੱਲ ਰਹੇ ਤਣਾਅ ਅਤੇ ਸਪਲਾਈ ਵਿਚ ਰੁਕਾਵਟਾਂ ਦੇ ਡਰ ਨੇ ਘਬਰਾਇਆ। ਸਰਕਾਰ ਨੇ ਸਪੱਸ਼ਟ ਕੀਤਾ ਹੈ ਕਿ ਇਹ ਨਵੇਂ ਬਦਲਾਅ ਸਪਲਾਈ ਘਾਟ ਦੇ ਕਾਰਨ ਨਹੀਂ, ਬਲਕਿ ਬੁਕਿੰਗ ਪ੍ਰਕਿਰਿਆ ਵਿੱਚ ਸੁਚਾਰੂਤਾ ਅਤੇ ਕਾਲਾਬਾਜ਼ਾਰੀ ਰੋਕਣ ਲਈ ਲਾਏ ਗਏ ਹਨ। ਪਹਿਲਾਂ ਐਲਪੀਜੀ ਸਿਲੰਡਰਾਂ ਨੂੰ ਘੱਟੋ-ਘੱਟ 21 ਦਿਨਾਂ ਦੇ ਅੰਤਰਾਲ ਨਾਲ ਬੁਕ ਕੀਤਾ ਜਾ ਸਕਦਾ ਸੀ। ਹੁਣ ਇਹ ਅੰਤਰਾਲ ਵਧਾ ਕੇ 25 ਦਿਨ ਕਰ ਦਿੱਤਾ ਗਿਆ ਹੈ। ਕੁਝ ਪੇਂਡੂ ਖੇਤਰਾਂ ਵਿੱਚ ਇਹ ਸਮਾਂ 45 ਦਿਨ ਤੱਕ ਵਧਾਇਆ ਗਿਆ ਹੈ, ਤਾਂ ਜੋ



ਸਾਰੇ ਘਰੇਲੂ ਖਪਤਕਾਰਾਂ ਤੱਕ ਗੈਸ ਬਰਾਬਰ ਪਹੁੰਚ ਸਕੇ। ਸਰਕਾਰ ਨੇ ਇਹ ਵੀ ਦੱਸਿਆ ਕਿ ਦੇਸ਼ ਵਿੱਚ ਐਲਪੀਜੀ ਸਿਲੰਡਰਾਂ ਦਾ ਪਰਿਆਪਤ ਸਟਾਕ ਮੌਜੂਦ ਹੈ ਅਤੇ ਸਪਲਾਈ ਆਮ ਰੂਪ ਵਿੱਚ ਜਾਰੀ ਹੈ। ਵਾਇਰਲ ਹੋ ਰਹੀਆਂ ਅਫਵਾਹਾਂ ਬੇਸੁਧ ਹਨ, ਅਤੇ ਲੋਕਾਂ ਨੂੰ ਘਬਰਾਉਣ ਦੀ ਕੋਈ ਜ਼ਰੂਰਤ ਨਹੀਂ। ਪੱਛਮੀ ਏਸ਼ੀਆ, ਖਾਸ ਕਰਕੇ ਈਰਾਨ ਵਿੱਚ ਚੱਲ ਰਹੇ ਤਣਾਅ ਕਾਰਨ ਵਿਸ਼ਵਵਿਆਪੀ ਗੈਸ ਸਪਲਾਈ ਲੜੀ 'ਤੇ ਪ੍ਰਭਾਵ ਪੈ ਸਕਦਾ ਹੈ। ਭਾਰਤ ਆਪਣੀਆਂ ਐਲਪੀਜੀ ਜ਼ਰੂਰਤਾਂ ਦਾ ਇੱਕ ਅਹੰਕਾਰਪੂਰਕ ਹਿੱਸਾ ਆਯਾਤ ਕਰਦਾ ਹੈ, ਇਸ ਲਈ ਅੰਤਰਰਾਸ਼ਟਰੀ ਸਥਿਤੀ ਦਾ ਕੁਝ ਪ੍ਰਭਾਵ ਸਵਭਾਵਿਕ ਹੈ। ਸਰਕਾਰ ਨੇ ਇਹ ਸਪੱਸ਼ਟ ਕੀਤਾ ਹੈ ਕਿ ਘਰੇਲੂ ਖਪਤਕਾਰਾਂ ਨੂੰ ਪਹਿਲ ਦਿੰਦੀ ਜਾ ਰਹੀ ਹੈ, ਜਦਕਿ ਵਪਾਰਕ ਵਰਤੋਂ 'ਤੇ ਕੁਝ ਸੀਮਤ ਨਿਯੰਤਰਨ ਹਨ। ਕਾਲਾਬਾਜ਼ਾਰੀ ਅਤੇ ਜਮ੍ਹਾਂਖੋਰੀ ਨੂੰ ਰੋਕਣ ਲਈ ਨਿਰਦੇਸ਼ ਜਾਰੀ ਕੀਤੇ ਗਏ ਹਨ। ਪ੍ਰਸ਼ਾਸਨ ਨੇ ਲੋਕਾਂ ਨੂੰ ਅਫਵਾਹਾਂ ਤੋਂ ਦੂਰ ਰਹਿਣ ਅਤੇ ਲੋੜ ਪੈਣ 'ਤੇ ਹੀ ਗੈਸ ਸਿਲੰਡਰ ਬੁਕ ਕਰਨ ਦੀ ਅਪੀਲ ਕੀਤੀ ਹੈ। ਪੈਨਿਕ ਬੁਕਿੰਗ ਸਪਲਾਈ 'ਤੇ ਬੇਲੋੜਾ ਦਬਾਅ ਪਾਉਂਦੀ ਹੈ ਅਤੇ ਸਾਰੇ ਖਪਤਕਾਰਾਂ ਲਈ ਗੈਸ ਉਪਲਬਧਤਾ ਨੂੰ ਪ੍ਰਭਾਵਿਤ ਕਰ ਸਕਦੀ ਹੈ।

# ਵੰਦੇ ਭਾਰਤ' 'ਚ ਖਾਣੇ ਦੀ ਗੁਣਵੱਤਾ 'ਤੇ ਸਵਾਲ: ਯਾਤਰੀਆਂ ਨੂੰ ਭੋਜਨ 'ਚ ਕੀੜੇ ਮਿਲਣ ਦੀ ਘਟਨਾ ਵਾਇਰਲ

**ਨਵੀਂ ਦਿਲੀ।** ਦੇਸ਼ ਦੀ ਪ੍ਰੀਮੀਅਮ ਅਤੇ ਤੇਜ਼ ਗਤੀ ਵਾਲੀ ਰੇਲਗੱਡੀ ਵੰਦੇ ਭਾਰਤ ਐਕਸਪ੍ਰੈਸ ਇੱਕ ਵਾਰ ਫਿਰ ਵਿਵਾਦਾਂ ਵਿੱਚ ਘਿਰ ਗਈ ਹੈ, ਪਰ ਇਸ ਵਾਰ ਕਾਰਨ ਇਸ ਦੀ ਸਪੀਡ ਨਹੀਂ ਸਗੋਂ ਖਾਣੇ ਦੀ ਗੁਣਵੱਤਾ ਹੈ। ਸੋਸ਼ਲ ਮੀਡੀਆ 'ਤੇ ਤੇਜ਼ੀ ਨਾਲ ਵਾਇਰਲ ਹੋ ਰਹੀ ਇੱਕ ਵੀਡੀਓ ਨੇ ਯਾਤਰੀਆਂ ਵਿੱਚ ਗੰਭੀਰ ਚਿੰਤਾ ਪੈਦਾ ਕਰ ਦਿੱਤੀ ਹੈ। ਵੀਡੀਓ ਵਿੱਚ ਸਾਫ਼ ਤੌਰ 'ਤੇ ਦਿਖਾਇਆ ਗਿਆ ਹੈ ਕਿ ਯਾਤਰੀਆਂ ਨੂੰ ਪਰੋਸੇ ਗਏ ਭੋਜਨ—ਖ਼ਾਸ ਕਰਕੇ ਮਟਰ-ਪਨੀਰ ਅਤੇ ਦਹੀਂ—ਵਿੱਚ ਜੀਵਤ ਕੀੜੇ-ਮਕੌੜੇ ਰੇਂਗਦੇ ਹੋਏ ਨਜ਼ਰ ਆ ਰਹੇ ਹਨ। ਇਸ ਦ੍ਰਿਸ਼ ਨੇ ਯਾਤਰੀਆਂ ਨੂੰ ਹੈਰਾਨ ਅਤੇ ਨਾਰਾਜ਼ ਕਰ ਦਿੱਤਾ। ਇੱਕ ਯਾਤਰੀ ਨੇ ਗੁੱਸੇ ਨਾਲ ਕਿਹਾ ਕਿ ਉਹ ਮਹਿੰਗੀ ਟਿਕਟ ਦੇ ਕੇ "ਜ਼ਹਿਰ ਵਰਗਾ ਖਾਣਾ" ਖਾਣ ਲਈ ਮਜਬੂਰ ਹਨ। ਜਦੋਂ ਇਸ ਬਾਰੇ ਟ੍ਰੇਨ ਦੇ ਸਟਾਫ ਨੂੰ ਸੂਚਿਤ ਕੀਤਾ ਗਿਆ, ਤਾਂ ਉਹਨਾਂ ਵੱਲੋਂ ਕੋਈ ਢੰਗ ਦਾ ਜਵਾਬ ਨਹੀਂ ਦਿੱਤਾ ਗਿਆ। ਯਾਤਰੀਆਂ ਦਾ ਦੋਸ਼ ਹੈ ਕਿ ਨਾ ਸਿਰਫ਼ ਖਾਣਾ



ਘਟੀਆ ਸੀ, ਸਗੋਂ ਇਹ ਸਿਹਤ ਲਈ ਵੀ ਖਤਰਨਾਕ ਸੀ। ਇਸ ਘਟਨਾ ਨੇ ਰੇਲਵੇ ਦੀ ਖੁਰਾਕ ਸੇਵਾ 'ਤੇ ਵੱਡੇ ਸਵਾਲ ਖੜ੍ਹੇ ਕਰ ਦਿੱਤੇ ਹਨ। ਰੇਲਵੇ ਦੇ ਉੱਚ ਅਧਿਕਾਰੀਆਂ ਨੇ ਮਾਮਲੇ ਦੀ ਜਾਂਚ ਕਰਨ ਦਾ ਭਰੋਸਾ ਦਿੱਤਾ ਹੈ, ਪਰ ਯਾਤਰੀਆਂ ਦਾ ਕਹਿਣਾ ਹੈ ਕਿ ਇਹ ਪਹਿਲੀ ਵਾਰ ਨਹੀਂ ਹੈ। ਪ੍ਰੀਮੀਅਮ ਟ੍ਰੇਨਾਂ ਵਿੱਚ ਅਜਿਹੀਆਂ ਘਟਨਾਵਾਂ ਦੁਹਰਾਈਆਂ ਜਾਣਾ ਪ੍ਰਬੰਧਨ ਦੀ ਲਾਪਰਵਾਹੀ ਨੂੰ ਦਰਸਾਉਂਦਾ ਹੈ। ਇਹ ਘਟਨਾ ਸਪੱਸ਼ਟ ਕਰਦੀ ਹੈ ਕਿ ਉੱਚ ਕਿਰ-ਏ ਦੇ ਬਾਵਜੂਦ ਯਾਤਰੀਆਂ ਨੂੰ ਉਚਿਤ ਸੇਵਾ ਨਹੀਂ ਮਿਲ ਰਹੀ, ਜੋ ਕਿ ਬਹੁਤ ਹੀ ਚਿੰਤਾਜਨਕ ਹੈ।


SHAM LAL CHANDER
ID no. 921760
BUILDING MAINTENANCE HANDYMAN (CHECKATRADE)



Sham Lal Chander building maintenance handyman Under checkatrade platform is now available on your local London Area. They have fully trained and experienced tradesmen and do genuinely fast responses to all online enquiries. Their team are knowledgeable and providing on-time service. They have been providing remodelling, repairing and maintaining for over five years.

SPECIALITY:

PLUMBING : - Repairs/Replacement of Bathrooms accessories (sink, taps, tubs, showers, Toilets etc.

ELECTRICIAN :- Repairs/Replacement of all types of Sockets, Switches, Lamps, Fans, Cameras, Washing machines, Cookers, Alarms, Mount TV on walls, etc.

MASONRY WORK: - Plastering, skimming, Brick Work, Slabs Lying, Drive Ways, Roof maintenance etc.

CARPENTRY: - Laminate Flooring, Fencing, Flat Packs Assembling, Doors repairing/ replacing, Skirting, Decking, Selves making etc.

For more information please contact at www.checkatrade.com
Chander Consultants Limited, London, UK 07488841161

# ਕਾਂਗਰਸੀ ਉਮੀਦਵਾਰ ਨਾਨਕ ਸਿੰਘ ਜੰਡੀ ਬਣੇ ਬਲਾਕ ਸੰਮਤੀ ਬਲਾਚੌਰ ਦੇ ਚੇਅਰਮੈਨ

## ●ਮੈ ਲੋਕਾਂ ਦਾ ਹਮੇਸ਼ਾ ਰਿਣੀ ਰਹਾਂਗਾ :ਚੇਅਰਮੈਨ ਜੰਡੀ ●ਸਾਬਕਾ ਵਿਧਾਇਕ ਚੋਧਰੀ ਦਰਸ਼ਨ ਲਾਲ ਮੰਗੂਪੁਰ ਨੇ ਚੇਅਰਮੈਨ ਨਾਨਕ ਸਿੰਘ ਜੰਡੀ ਨੂੰ ਅਸ਼ੀਰਵਾਦ ਦਿੰਦਿਆਂ ਦਿੱਤੀ ਮੁਬਾਰਕਬਾਦ

**ਨਵਾਂਸ਼ਹਿਰ /ਬਲਾਚੌਰ 25 ਮਾਰਚ (ਜਤਿੰਦਰ ਪਾਲ ਸਿੰਘ ਕਲੇਰ )** ਬਲਾਚੌਰ ਬਲਾਕ ਸੰਮਤੀ ਦੇ ਚੇਅਰਮੈਨ ਦੀ ਚੋਣ ਵਿੱਚ ਕਾਫੀ ਦੇਰ ਜੋ ਅਟਕਲਾਂ ਲਗਾਇਆ ਜਾ ਰਹੀਆਂ ਸਨ।ਉਸ ਅੱਜ ਕਾਂਗਰਸੀ ਵਰਕਰਾਂ ਅਤੇ ਕਾਂਗਰਸੀ ਜੈਤੂ ਬਲਾਕ ਸੰਮਤੀ ਮੈਂਬਰਾਂ ਨੇ ਜਿੱਥੇ ਇਲਾਕੇ ਦੇ ਪੜ੍ਹੇ ਲਿਖੇ ਨੋਜਵਾਨ ਨਾਨਕ ਸਿੰਘ ਜੰਡੀ ਨੂੰ ਕਾਂਗਰਸ ਪਾਰਟੀ ਵਲੋਂ ਚੇਅਰਮੈਨ ਬਣਾ ਜਿੱਥੇ ਪਾਰਟੀ ਇਕਜੁਟਤਾ ਦਾ ਪ੍ਰਗਟਾਵਾਂ ਕੀਤਾ ਹੈ। ਅਤੇ ਉੱਥੇ ਮੋਕੇ ਦੀ ਸਰਕਾਰ ਆਮ ਆਦਮੀ ਪਾਰਟੀ ਦੇ ਝਾੜੂ ਦਾ ਤੀਲਾਂ ਤੀਲਾਂ ਕਰ ਛੱਡਿਆ ਹੈ। ਅੱਜ ਜਦੋਂ ਬਲਾਚੌਰ ਬੀ ਡੀ ਪੀ ੳ ਦਫਤਰ ਵਿਖੇ ਜਦੋਂ ਕਾਂਗਰਸੀ ਆਗੂ ਨਾਨਕ ਸਿੰਘ ਜੰਡੀ ਦਾ ਜੈਤੂ ਦਾ ਐਲਾਨ ਹੋਇਆ ਤਾਂ ਕਾਂਗਰਸ ਵਰਕਰਾਂ ਨੇ ਅਕਾਸ਼ ਗੂੰਜਾਊ ਨਾਅਰੇ ਲਗਾ ਕੇ ਕਾਂਗਰਸ ਦੇ ਸੀਨੀਅਰ ਆਗੂ ਅਤੇ ਸਾਬਕਾ ਵਿਧਾਇਕ ਚੋਧਰੀ ਦਰਸ਼ਨ ਲਾਲ ਮੰਗੂਪੁਰ, ਜਿਲ੍ਹਾਂ ਕਾਂਗਰਸ ਪ੍ਰਧਾਨ ਅਜੇ ਮੰਗੂਪੁਰ ਸ਼ਹਿਰੀ ਪ੍ਰਧਾਨ ਰਜਿੰਦਰ ਸਿੰਘ ਸ਼ਿੰਦੀ, ਦੀਪਾ ਸਰਪੰਚ ਨਿੱਘੀ, ਠੇਕੇਦਾਰ ਪ੍ਰਵੀਨ ਚੇਚੀ ਨਿੱਘੀ, ਸਾਬਕਾ ਚੇਅਰਮੈਨ ਧਰਮਪਾਲ ਭਰਥਲਾ, ਪ੍ਰਧਾਨ ਸੁਰਿੰਦਰ ਸ਼ਿੰਦਾ ਰੈਲਮਾਜਰਾ, ਠੇਕੇਦਾਰ ਦੇਸ ਰਾਜ ਹੱਕਲਾਂ, ਮਹਿੰਦਰ ਪਾਲ ਭਰਥਲਾ, ਹਰਜੀਤ





ਜਾਡਲੀ ਕਾਂਗਰਸੀ ਆਗੂ ਸਮੇਤ ਕਾਂਗਰਸੀ ਵਰਕਰਾਂ ਨੇ ਇਹਨਾਂ ਆਗੂਆਂ ਦੇ ਗਲਾਂ ਵਿੱਚ ਹਾਰ ਪਾ ਜਿੱਤ ਦਾ ਜਸ਼ਨ ਮਨਾਉਂਦਿਆਂ ਝਾੜੂ ਨੂੰ ਬੁਰੀ ਤਰ੍ਹਾਂ ਖਿਲਾਰਿਆਂ ਇਸ ਮੌਕੇ ਕਾਂਗਰਸ ਜਿਲ੍ਹਾ ਪ੍ਰਧਾਨ ਅਜੇ ਮੰਗੂਪੁਰ ਅਤੇ ਬਲਾਕ ਸੰਮਤੀ ਦੇ ਨਵੇਂ ਬਣੇ ਚੇਅਰਮੈਨ ਨਾਨਕ ਸਿੰਘ ਜੰਡੀ ਨੇ ਕਾਂਗਰਸੀ ਵਰਕਰਾਂ ਅਤੇ ਆਮ ਲੋਕਾਂ ਦੇ ਭਾਰੀ ਇੱਕਠ ਨੂੰ ਸੰਬੋਧਨ ਕਰਦਿਆਂ ਕਿਹਾ ਲੋਕਾਂ ਨੇ ਜਿਸ ਮਸਕਦ ਨੂੰ ਦੇਖਦਿਆਂ ਕਾਂਗਰਸ ਪਾਰਟੀ ਨੂੰ ਵੱਡੀ ਲੀਡ ਨਾਲ ਜਿਤਾਇਆ ਸੀ। ਉਸੇ ਤਰ੍ਹਾਂ ਅਸੀਂ ਦਿਨ ਰਾਤ ਲੋਕਾਂ ਦੇ ਕੰਮ ਆਵਾਂਗੇ ਉਨ੍ਹਾਂ ਕਿਹਾ ਕੇ ਲੋਕਾਂ ਨੇ 2027 ਦੀਆਂ ਆ ਰਹੀਆਂ ਚੋਣਾਂ ਲਈ ਝਾੜੂ ਨੂੰ ਟ੍ਰੇਲਰ ਹੀ ਦਿਖਾਈਆਂ ਹੈ ਕਾਂਗਰਸੀ ਆਗੂਆਂ ਨੇ ਜਿੱਤ ਦਾ ਦਾਅਵਾ ਕਰਦਿਆਂ ਕਿਹਾ ਵਿਧਾਨ ਸਭਾ ਚੋਣਾਂ ਵਿੱਚ ਬਲਾਚੌਰ ਕਾਂਗਰਸ ਸ਼ਾਨਦਾਰ ਜਿੱਤ ਪ੍ਰਾਪਤ ਕਰੇਗੀ। ਇਸ ਮੌਕੇ ਚੇਅਰਮੈਨ ਨਾਨਕ ਸਿੰਘ ਜੰਡੀ ਨੇ ਸਮੂਹ ਵੋਟਰਾਂ ਦਾ ਤਹਿ ਦਿਲੋਂ ਧੰਨਵਾਦ ਕਰਦਿਆਂ ਕਿਹਾ ਕੇ ਮੈਂ ਇਹਨਾਂ ਅਹਿਸਾਨ ਮੈ ਕਦੇ ਵੀ ਨਹੀਂ ਭੁਲਾਗਾ ਅਤੇ ਹਮੇਸ਼ਾ ਹੀ ਇਹਨਾਂ ਦਾ ਰਿਣੀ ਰਹਾਂਗਾ ਅਤੇ ਦਿਨ ਰਾਤ ਲੋਕਾਂ ਦੀ ਸੇਵਾ ਵਿੱਚ ਤੱਕ ਤੱਤਪਰ ਰਹਾਂਗਾ ।ਇਸ ਮੌਕੇ ਕਾਂਗਰਸੀ ਆਗੂ ਅਤੇ ਵਰਕਰ ਵੱਡੀ ਗਿਣਤੀ ਵਿੱਚ ਹਾਜ਼ਰ ਸਨ।

# ਲੁਧਿਆਣਾ ਦੇ ਰਾਹੁਲ ਕਾਲੀਆ ਦੀ ਪੰਜਾਬੀ ਫਿਲਮ "ਮਿੱਠਾ ਜ਼ਹਿਰ" ਰਿਲੀਜ਼ ਲਈ ਤਿਆਰ ਹੈ

**ਲੁਧਿਆਣਾ 25 ਮਾਰਚ (ਕਰਨੈਲ ਸਿੰਘ ਐੱਮ.ਏ.)** ਸ਼ਹਿਰ ਦੇ ਨੌਜਵਾਨ ਰਾਹੁਲ ਕਾਲੀਆ ਜਲਦੀ ਹੀ ਵੱਡੇ ਪਰਦੇ 'ਤੇ ਨਜ਼ਰ ਆਉਣਗੇ। ਉਹ ਆਉਣ ਵਾਲੀ ਪੰਜਾਬੀ ਫਿਲਮ "ਮਿੱਠਾ ਜ਼ਹਿਰ" ਵਿੱਚ ਮੁੱਖ ਭੂਮਿਕਾ ਨਿਭਾਉਣਗੇ। ਇਹ ਫਿਲਮ ਪਹਿਲਾਂ ਹੀ ਪੂਰੀ ਹੋ ਚੁੱਕੀ ਹੈ ਅਤੇ ਰਿਲੀਜ਼ ਲਈ ਤਿਆਰ ਹੈ। ਫਿਲਮ ਦੀ ਖਾਸ ਗੱਲ ਇਹ ਹੈ ਕਿ ਮੁੱਖ ਭੂਮਿਕਾ ਨਿਭਾਉਣ ਤੋਂ ਇਲਾਵਾ, ਰਾਹੁਲ ਕਾਲੀਆ ਨੇ ਕਹਾਣੀ ਵੀ ਲਿਖੀ ਹੈ। ਫਿਲਮ ਦਾ ਨਿਰਮਾਣ ਅਤੇ ਨਿਰਦੇਸ਼ਨ ਬਲਵਿੰਦਰ ਕਾਲੀਆ ਦੁਆਰਾ ਕੀਤਾ ਗਿਆ ਹੈ, ਅਤੇ ਸਹਿ-ਨਿਰਮਾਤਾ ਅਨੀਤਾ ਕਾਲੀਆ ਦੁਆਰਾ ਕੀਤਾ ਗਿਆ ਹੈ। ਫਿਲਮ ਦੀ ਕਹਾਣੀ ਇੱਕ ਖਾਸ ਸੁਨੇਹਾ ਦੇਵੇਗੀ। ਬਲਵਿੰਦਰ ਨੇ ਦੱਸਿਆ ਕਿ ਇਹ ਫਿਲਮ 10 ਅਪ੍ਰੈਲ ਨੂੰ ਰਿਲੀਜ਼ ਹੋ ਰਹੀ ਹੈ। ਉਨ੍ਹਾਂ ਦੱਸਿਆ ਕਿ ਫਿਲਮ ਦਾ ਵਿਸ਼ਾ ਵਸਤੂ ਵਿਲੱਖਣ ਹੈ ਅਤੇ ਇੱਕ ਖਾਸ ਸੰਦੇਸ਼ ਦਿੰਦੀ ਹੈ: ਮੌਜੂਦਾ ਮਾਹੌਲ ਵਿੱਚ, ਜਲਦੀ ਦੌਲਤ ਦੀ ਭਾਲ ਵਿੱਚ ਸ਼ਾਰਟਕੱਟ ਲੈਣ ਨਾਲ ਮਾੜੇ ਨਤੀਜੇ ਹੀ ਨਿਕਲ ਸਕਦੇ ਹਨ। ਫਿਲਮ ਦੀ ਸ਼ੂਟਿੰਗ ਚੰਡੀਗੜ੍ਹ ਦੇ






ਨਾਲ-ਨਾਲ ਪੰਜਾਬ ਦੇ ਲੁਧਿਆਣਾ, ਖਰੜ ਅਤੇ ਫਗਵਾੜਾ ਵਿੱਚ ਕੀਤੀ ਗਈ ਸੀ। ਇਸ ਫਿਲਮ ਵਿੱਚ ਅਦਾਕਾਰਾ ਰੂਹ ਸੰਘਾ, ਪੂਨਮ ਸੂਦ, ਕਰਮ ਕੌਰ, ਰਣਜੀਤ ਰਿਆਜ਼, ਰਵਿੰਦਰ ਮੰਡ, ਚਮਕੌਰ ਐਸ. ਸੋਹਲ, ਪਾਲੀ ਮੰਗਤ ਅਤੇ ਹੋਰ ਵੀ ਮਹੱਤਵਪੂਰਨ ਭੂਮਿਕਾਵਾਂ ਨਿਭਾ ਰਹੇ ਹਨ।ਇਹ ਰਾਹੁਲ ਦੀ ਵੱਡੇ ਪਰਦੇ 'ਤੇ ਪਹਿਲੀ ਫਿਲਮ ਹੈ। ਉਨ੍ਹਾਂ ਦੱਸਿਆ ਕਿ ਰਾਹੁਲ ਪਹਿਲਾਂ ਕੁਝ ਛੋਟੀਆਂ ਫਿਲਮਾਂ ਵਿੱਚ ਕੰਮ ਕਰ ਚੁੱਕਾ ਹੈ, ਅਤੇ ਇਹ ਵੱਡੇ ਪਰਦੇ 'ਤੇ ਉਸਦੀ ਪਹਿਲੀ ਫਿਲਮ ਹੈ। 28 ਸਾਲਾ ਰਾਹੁਲ ਦਾ ਐਮ.ਬੀ.ਏ. ਹੈ ਅਤੇ ਉਹ ਮੰਨਦਾ ਹੈ ਕਿ ਵਿਦੇਸ਼ ਜਾਣ ਦੀ ਬਜਾਏ ਉਸਨੂੰ ਸਖ਼ਤ ਮਿਹਨਤ ਕਰਨੀ ਚਾਹੀਦੀ ਹੈ ਅਤੇ ਪੰਜਾਬ ਵਿੱਚ ਤਰੱਕੀ ਕਰਨੀ ਚਾਹੀਦੀ ਹੈ। ਫਿਲਮ ਦਾ ਸੰਗੀਤ ਸੁਨੀਲ ਵਰਮਾ ਦੁਆਰਾ ਤਿਆਰ ਕੀਤਾ ਗਿਆ ਹੈ। ਬਲਵਿੰਦਰ ਨੇ ਕਿਹਾ ਕਿ ਪੰਜਾਬੀ ਫਿਲਮ ਇੰਡਸਟਰੀ ਨੂੰ ਮਜ਼ਬੂਤ ਕਰਨ ਅਤੇ ਦਰਸ਼ਕਾਂ ਨੂੰ ਪੂਰਾ ਮਨੋਰੰਜਨ ਪ੍ਰਦਾਨ ਕਰਨ ਲਈ ਨਵੇਂ ਵਿਸ਼ਿਆਂ 'ਤੇ ਫਿਲਮਾਂ ਬਣਾਉਣੀਆਂ ਚਾਹੀਦੀਆਂ ਹਨ।

# ਚੇਅਰਮੈਨ ਸਤਨਾਮ ਜਲਾਲਪੁਰ ਵੱਲੋਂ ਪਿੰਡ ਬੱਛੂਆਂ ਦੀ ਧਰਮਸ਼ਾਲਾ ਲਈ 1.75 ਲੱਖ ਦੀ ਗਰਾਂਟ ਭੇਂਟ

**ਨਵਾਂਸ਼ਹਿਰ /ਕਾਠਗੜ੍ਹ 25 ਮਾਰਚ ( ਜਤਿੰਦਰ ਪਾਲ ਸਿੰਘ ਕਲੇਰ )** ਜ਼ਿਲ੍ਹਾ ਯੋਜਨਾ ਬੋਰਡ ਦੇ ਚੇਅਰਮੈਨ ਅਤੇ ਆਮ ਆਦਮੀ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਸਤਨਾਮ ਜਲਾਲਪੁਰ ਵੱਲੋਂ ਅੱਜ ਪਿੰਡ ਬੱਛੂਆਂ ਦੀ ਧਰਮਸ਼ਾਲਾ ਦੇ ਨਵੀਨੀਕਰਨ ਅਤੇ ਮੁਰੰਮਤ ਲਈ 1,75,000 ਰੁਪਏ ਦੀ ਰਾਸ਼ੀ ਦਾ ਚੈੱਕ ਸੌਂਪਿਆ ਗਿਆ। ਇਸ ਮੌਕੇ ਪਿੰਡ ਦੀ ਪੰਚਾਇਤ ਅਤੇ ਇਲਾਕਾ ਨਿਵਾਸੀਆਂ ਨੇ ਉਨ੍ਹਾਂ ਦਾ ਨਿੱਘਾ ਸਵਾਗਤ ਕੀਤਾ।ਦੱਸਣਯੋਗ ਹੈ ਕਿ ਪਿੰਡ ਦੀ ਧਰਮਸ਼ਾਲਾ ਵਿੱਚ ਪਿਛਲੇ ਕਾਫੀ ਸਮੇਂ ਤੋਂ ਕਈ ਤਕਨੀਕੀ ਅਤੇ ਢਾਂਚਾਗਤ ਸਮੱਸਿਆਵਾਂ ਚੱਲ ਰਹੀਆਂ ਸਨ, ਜਿਸ ਕਾਰਨ ਪਿੰਡ ਵਾਸੀਆਂ ਨੂੰ ਸਮਾਜਿਕ ਸਮਾਗਮਾਂ ਦੌਰਾਨ ਦਿੱਕਤਾਂ ਦਾ ਸਾਹਮਣਾ ਕਰਨਾ ਪੈ ਰਿਹਾ ਸੀ। ਚੇਅਰਮੈਨ ਸਤਨਾਮ ਜਲਾਲਪੁਰ ਨੇ ਕਿਹਾ ਕਿ ਪੰਜਾਬ ਸਰਕਾਰ ਪਿੰਡਾਂ ਦੇ ਸਰਬਪੱਖੀ ਵਿਕਾਸ ਲਈ ਵਚਨਬੱਧ ਹੈ ਅਤੇ ਫੰਡਾਂ ਦੀ ਕੋਈ ਕਮੀ ਨਹੀਂ ਆਉਣ ਦਿੱਤੀ ਜਾਵੇਗੀ।ਇਸ ਖੁਸ਼ੀ ਦੇ ਮੌਕੇ ਪਿੰਡ ਦੀ ਪੰਚਾਇਤ ਅਤੇ



ਮੋਹਤਬਰ ਸੱਜਣਾਂ ਨੇ ਚੇਅਰਮੈਨ ਸਾਹਿਬ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਸ ਗਰਾਂਟ ਨਾਲ ਧਰਮਸ਼ਾਲਾ ਦੀ ਹਾਲਤ ਵਿੱਚ ਸੁਧਾਰ ਹੋਵੇਗਾ। ਇਸ ਮੌਕੇ ਜਸਵਿੰਦਰ ਸਿੰਘ ਅਤੇ ਕਮਲਦੀਪ ਸਰਪੰਚਬਲਬੀਰ ਸਿੰਘ ਭੰਗੂ ਅਤੇ ਨਰੇਸ਼ ਸਰਪੰਚ ਕਿਸ਼ਨਪੁਰ ਸੇਵਾਦਾਰ ਬਲਬੀਰ ਸਿੰਘ ਅਤੇ ਹਰਪਾਲ ਸਿੰਘ, ਮਾਸਟਰ ਮਲਕੀਤ ਸਿੰਘ, ਪ੍ਰੇਮ ਚੰਦਪੰਚ ਪਰਸੋਤਮ ਲਾਲ, ਪੰਚ ਕਸ਼ਮੀਰੀ ਲਾਲ, ਪੰਚ ਸੰਤੋਸ਼ ਕੌਰਮੋਹਨ ਸਿੰਘ, ਸੁਨੀਲ ਕੁਮਾਰ, ਪੰਡਿਤ ਸਰੂਪ ਅਤੇ ਜਸਵੀਰ ਸਿੰਘ।

The Samaj Weekly and people associated with it are not responsible for any claims made by the advisers and don't endorse any product or service advertising Samaj Weekly. Please consult your lawyer before buying hiring/contracting through the ads published in the newspaper. The Samaj Weekly is business of selling space and claims made by the advertisers are not tested/confirmed by any source.

# "ਨਵਰਾਤਰਾਂ ਵਿੱਚ ਕੰਨਿਆ ਪੂਜਨ, ਪਰ ਰੋਜ਼ਾਨਾ ਜੀਵਨ ਵਿੱਚ ਮਾਂ-ਭੈਣ ਦੀਆਂ ਗਾਲਾਂ – ਇਹ ਨਾਰੀ ਸਨਮਾਨ ਦਾ ਕਿਹੋ ਜਿਹਾ ਅਪਮਾਨ ਹੈ ?"

ਮਾਂ ਅਤੇ ਭੈਣ ਨੂੰ ਨਿਸ਼ਾਨਾ ਬਣਾਉਣ ਵਾਲੀਆਂ ਗਾਲਾਂ 'ਤੇ ਕਾਨੂੰਨੀ ਰੋਕ ਲਗਾਈ ਜਾਵੇ ਅਤੇ ਇਸਨੂੰ ਜਾਤੀ-ਸੂਚਕ ਸ਼ਬਦਾਂ ਵਾਂਗ ਦੰਡਨੀਅ ਅਪਰਾਧ ਘੋਸ਼ਿਤ ਕੀਤਾ ਜਾਵੇ

: ਆਰਕੀਟੈਕਟ ਅਨੀਤਾ ਸ਼ਰਮਾ, ਸੋਸ਼ਲ ਰੀਫਾਰਮਰ ਅਤੇ ਵੂਮੈਨ ਰਾਈਟਸ ਐਕਟਿਵਿਸਟ

ਲੁਧਿਆਣਾ 25 ਮਾਰਚ (ਕਰਨੈਲ ਸਿੰਘ ਐੱਮ.ਏ.) ਮਾਤਾ ਦੇ ਨਰਾਤਿਆਂ ਦੇ ਪਵਿੱਤਰ ਮੌਕੇ 'ਤੇ ਜਿੱਥੇ ਇੱਕ ਪਾਸੇ ਸਮਾਜ ਛੋਟੀਆਂ ਕੰਨਿਆਵਾਂ ਨੂੰ ਦੇਵੀ ਦਾ ਰੂਪ ਮੰਨ ਕੇ ਉਨ੍ਹਾਂ ਦੀ ਪੂਜਾ ਕਰਦਾ ਹੈ, ਉੱਥੇ ਹੀ ਦੂਜੇ ਪਾਸੇ ਰੋਜ਼ਾਨਾ ਗੱਲਬਾਤ ਵਿੱਚ "ਮਾਂ-ਭੈਣ" ਦੀਆਂ ਗਾਲਾਂ ਦਾ ਵਰਤੋਂ ਇੱਕ ਗੰਭੀਰ ਸਮਾਜਿਕ ਵਿਰੋਧਾਭਾਸ ਨੂੰ ਸਾਹਮਣੇ ਲਿਆਉਂਦੀ ਹੈ। ਇਹ ਸਿਰਫ਼ ਸ਼ਬਦ ਨਹੀਂ ਹਨ—ਇਹ ਨਾਰੀ ਦੀ ਇੱਜ਼ਤ 'ਤੇ ਸਿੱਧਾ ਹਮਲਾ ਹੈ ਅਤੇ ਸਾਡੇ ਸਮਾਜ ਦੀ ਸੋਚ ਨੂੰ ਦਰਸਾਉਂਦਾ ਹੈ। ਘਰਾਂ ਵਿੱਚ ਬੈਠੀਆਂ ਮਾਵਾਂ ਅਤੇ ਭੈਣਾਂ ਦੀ ਇੱਜ਼ਤ ਨੂੰ ਵੀ ਅਣਜਾਣੇ ਵਿੱਚ ਗੱਲਾਂ-ਬਾਤਾਂ ਵਿੱਚ ਗਾਲਾਂ ਰਾਹੀਂ ਠੇਸ ਪਹੁੰਚਾਈ ਜਾਂਦੀ ਹੈ—ਚਾਹੇ ਉਹ



ਮਜ਼ਾਕ ਹੋਵੇ, ਗੁੱਸਾ ਹੋਵੇ ਜਾਂ ਆਮ ਗੱਲਬਾਤ।

ਸਵਾਲ ਇਹ ਹੈ: ਜਿੱਥੇ ਭਾਸ਼ਾ ਵਿੱਚ ਸਨਮਾਨ ਨਹੀਂ, ਉੱਥੇ ਨਾਰੀ ਸਸ਼ਕਤੀਕਰਨ ਕਿਵੇਂ ਸੰਭਵ ਹੈ?

ਬੇਲਨ ਬ੍ਰਿਗੇਡ ਅਤੇ ਨਵਕਿਰਣ ਵੂਮੈਨ ਵੈਲਫੇਅਰ ਐਸੋਸੀਏਸ਼ਨ, ਜਿਸ ਦੀ ਅਗਵਾਈ ਆਰਕੀਟੈਕਟ ਅਨੀਤਾ ਸ਼ਰਮਾ (ਨੈਸ਼ਨਲ ਪ੍ਰੈਜ਼ੀਡੈਂਟ, ਬੇਲਨ ਬ੍ਰਿਗੇਡ ਅਤੇ ਪ੍ਰੈਜ਼ੀਡੈਂਟ, ਨਵਕਿਰਣ ਵੂਮੈਨ ਵੈਲਫੇਅਰ ਐਸੋਸੀਏਸ਼ਨ) ਕਰ ਰਹੀਆਂ ਹਨ, ਸਮਾਜ ਨੂੰ ਅਪੀਲ ਕਰਦੀਆਂ ਹਨ:

- ਨਵਰਾਤਰਾਂ ਦੇ ਇਸ ਪਵਿੱਤਰ ਸਮੇਂ 'ਚ ਸੰਕਲਪ ਲਿਆ ਜਾਵੇ ਕਿ ਮਾਂ-ਭੈਣ ਦੀਆਂ ਗਾਲਾਂ ਦਾ ਪੂਰਨ ਤਿਆਗ ਕੀਤਾ ਜਾਵੇ
- - ਆਪਣੀ ਭਾਸ਼ਾ ਨੂੰ ਸ਼ੁੱਧ ਕਰਕੇ ਨਾਰੀ ਪ੍ਰਤੀ ਸੱਚਾ ਸਨਮਾਨ ਦਰਸਾਇਆ ਜਾਵੇ

ਇਸਦੇ ਨਾਲ ਹੀ, ਭਾਰਤ ਦੇ ਮਾਣਯੋਗ ਪ੍ਰਧਾਨ ਮੰਤਰੀ ਜੀ ਤੋਂ ਅਪੀਲ ਕੀਤੀ ਜਾਂਦੀ ਹੈ ਕਿ ਨਾਰੀ ਦਾ ਅਪਮਾਨ ਕਰਨ ਵਾਲੀ ਇਸ ਤਰ੍ਹਾਂ ਦੀ ਭਾਸ਼ਾ ਨੂੰ ਕਾਨੂੰਨੀ ਅਪਰਾਧ ਘੋਸ਼ਿਤ ਕਰਕੇ ਇਸ 'ਤੇ ਸਖ਼ਤ ਕਾਰਵਾਈ ਯਕੀਨੀ ਬਣਾਈ ਜਾਵੇ।

"ਅਸਲ ਭਗਤੀ ਉਹੀ ਹੈ, ਜਿੱਥੇ ਨਾਰੀ ਦਾ ਸਨਮਾਨ ਸਿਰਫ਼ ਰਸਮਾਂ ਵਿੱਚ ਨਹੀਂ, ਸਗੋਂ ਸਾਡੇ ਸ਼ਬਦਾਂ ਵਿੱਚ ਵੀ ਦਿਖਾਈ ਦੇਵੇ।"

## ਨਾਇਬ ਤਹਿਸੀਲਦਾਰ ਮਨਪ੍ਰੀਤ ਸਿੰਘ ਨੇ ਮੋਰਿੰਡਾ ਵਿਖੇ ਚਾਰਜ ਸੰਭਾਲਿਆ

**ਮੋਰਿੰਡਾ, 25 ਮਾਰਚ (ਸੁਖਵਿੰਦਰ ਸਿੰਘ ਹੈਪੀ)–** ਸਰਦਾਰ ਮਨਪ੍ਰੀਤ ਸਿੰਘ ਨੇ ਮੋਰਿੰਡਾ ਵਿਖੇ ਨਾਇਬ ਤਹਿਸੀਲਦਾਰ ਵਜੋਂ ਅਹੁਦੇ ਦਾ ਚਾਰਜ ਸੰਭਾਲਿਆ। ਮਨਪ੍ਰੀਤ ਸਿੰਘ ਇਸ ਤੋਂ ਪਹਿਲਾਂ ਟਾਂਡਾ ਵਿਖੇ ਨਾਇਬ ਤਹਿਸੀਲਦਾਰ ਵਜੋਂ ਸੇਵਾ ਨਿਭਾਅ ਚੁੱਕੇ ਹਨ। ਇਸ ਮੌਕੇ ਤਹਿਸੀਲਦਾਰ ਸੁਰਿੰਦਰ ਪਾਲ ਸਿੰਘ ਪੰਨੂ, ਅਰਮਨਦੀਪ ਸਿੰਘ ਰੀਡਰ , ਜਸਪ੍ਰੀਤ ਸਿੰਘ ਕਲਸੀ, ਕੁਲਵਿੰਦਰ ਸਿੰਘ ਰੀਡਰ ਸਮੇਤ ਸਮੂਹ ਸਟਾਫ ਮੈਂਬਰਾਂ ਨੇ ਮਨਪ੍ਰੀਤ ਸਿੰਘ ਦਾ ਭਰਵਾਂ ਸਵਾਗਤ ਕੀਤਾ। ਇਸ ਮੌਕੇ ਨਾਇਬ ਤਹਿਸੀਲਦਾਰ



ਮਨਪ੍ਰੀਤ ਸਿੰਘ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਆਖਿਆ ਕਿ ਉਹ ਤਨਦੇਹੀ ਤੇ ਇਮਾਨਦਾਰੀ ਨਾਲ ਹਲਕੇ ਦੇ ਲੋਕਾਂ ਦੀ ਸੇਵਾ ਕਰਨਗੇ। ਕਿਸੇ ਨੂੰ ਕੋਈ ਕੰਮ ਹੈ ਉਹ ਬਿਨਾਂ ਝਿਜਕ ਮੈਨੂੰ ਦਫ਼ਤਰ ਵਿਖੇ ਖੁਦ ਮਿਲ ਸਕਦੇ ਹਨ । ਕਿਸੇ ਵਿਸ਼ੇਸ਼ ਵਿਅਕਤੀ ਨੂੰ ਨਾਲ ਲਿਆਉਣ ਦੀ ਜ਼ਰੂਰਤ ਨਹੀਂ। ਉਹਨਾਂ ਆਸ ਪ੍ਰਗਟ ਕੀਤੀ ਕਿ ਸਮੂਹ ਇਲਾਕਾ ਨਿਵਾਸੀ ਵੀ ਉਹਨਾਂ ਦਾ ਸਹਿਯੋਗ ਕਰਨਗੇ। ਜ਼ਿਕਰਯੋਗ ਹੈ ਕਿ ਸ੍ਰ ਮਨਪ੍ਰੀਤ ਸਿੰਘ ਦੇ ਪਿਤਾ ਪ੍ਰਿਤਪਾਲ ਸਿੰਘ ਮੋਰਿੰਡਾ ਵਿਖੇ ਤਹਿਸੀਲਦਾਰ ਵਜੋਂ ਸੇਵਾ ਨਿਭਾਅ ਚੁੱਕੇ ਹਨ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸਰਬਦੀਪ ਸਿੰਘ ਟੈਕਨੀਕਲ ਸਹਾਇਕ, ਸੁਧਨ ਬਾਂਸਲ ਆਰ ਸੀ, ਅਮਨਦੀਪ ਕੌਰ, ਨਿਰਮਲਾ, ਪ੍ਰਭਜੋਤ ਕੌਰ, ਸਾਧੂ ਸਿੰਘ ਅਤੇ ਸ਼ਿੰਦਰ ਕੌਰ ਆਦਿ ਸਟਾਫ ਮੈਂਬਰ ਹਾਜ਼ਰ ਸਨ।

## ਮਾਂ ਦਾ ਕਤਲ ਕਰਨ ਵਾਲੇ ਨੌਜਵਾਨ ਨੂੰ ਉਮਰ ਕੈਦ

**ਲੈਸਟਰ (ਇੰਗਲੈਂਡ), 25 ਮਾਰਚ (ਸੁਖਜਿੰਦਰ ਸਿੰਘ ਢੱਡੇ)–** ਵੇਲਜ਼ ਦੇ ਪ੍ਰੇਸਟਾਟਿਨ ਸ਼ਹਿਰ ਦੇ ਇਕ 18 ਸਾਲਾ ਨੌਜਵਾਨ ਨੂੰ ਆਪਣੀ ਮਾਂ ਦਾ ਹਥੌੜੇ ਨਾਲ ਕਤਲ ਕਰਨ ਦੇ ਦੋਸ਼ ਵਿਚ ਅਦਾਲਤ ਨੇ ਉਮਰ ਕੈਦ ਦੀ ਸਜ਼ਾ ਸੁਣਾਈ ਹੈ। ਅਦਾਲਤ ਨੇ ਹੁਕਮ ਦਿੱਤਾ ਹੈ ਕਿ ਦੋਸ਼ੀ ਘੱਟੋ-ਘੱਟ 22 ਸਾਲ ਤੇ ਛੇ ਮਹੀਨੇ ਜੇਲ੍ਹ ਵਿਚ ਬਿਤਾਏਗਾ। ਅਦਾਲਤੀ



ਕਾਰਵਾਈ ਦੌਰਾਨ ਦੱਸਿਆ ਗਿਆ ਕਿ ਨੌਜਵਾਨ ਟ੍ਰਿਸਟਨ ਰਾਬਰਟਸ ਨੇ ਪਿਛਲੇ ਸਾਲ 23 ਅਕਤੂਬਰ ਨੂੰ ਆਪਣੀ 45 ਸਾਲਾ ਮਾਂ ਐਂਜਲਾ ਸ਼ੈਲਿਸ ਦਾ ਕਤਲ ਕੀਤਾ ਸੀ। ਇਹ ਵਾਰਦਾਤ ਉਸ ਨੇ ਆਪਣੇ 18ਵੇਂ ਜਨਮਦਿਨ ਤੋਂ ਕੇਵਲ ਦਸ ਦਿਨ ਬਾਅਦ ਅੰਜਾਮ ਦਿੱਤੀ। ਜਾਣਕਾਰੀ ਮੁਤਾਬਕ ਉਸ ਨੇ ਘਟਨਾ ਤੋਂ ਤਿੰਨ ਹਫ਼ਤੇ ਪਹਿਲਾਂ ਹੀ ਕਤਲ ਦੀ ਯੋਜਨਾ ਬਣਾਈ ਹੋਈ ਸੀ। ਅਦਾਲਤ ਨੇ ਸੁਣਿਆ ਕਿ ਦੋਸ਼ੀ ਨੇ ਆਪਣੀ ਮਾਂ ਨੂੰ ਮੈਡੀਕਲ ਮਦਦ ਲੈਣ ਦੇ ਬਹਾਨੇ ਘਰ ਤੋਂ ਬਾਹਰ ਲੈ ਗਿਆ ਅਤੇ ਨੇੜਲੇ ਕੁਦਰਤੀ ਇਲਾਕੇ ਵਿਚ ਲੈ ਜਾ ਕੇ ਹਥੌੜੇ ਨਾਲ ਉਸ ਦੀ ਹੱਤਿਆ ਕਰ ਦਿੱਤੀ। ਬਾਅਦ ਵਿਚ ਉਸ ਨੇ ਲਾਸ਼ ਨੂੰ ਝਾੜੀਆਂ ਵਿਚ ਛੱਡ ਦਿੱਤਾ ਜਿਸ ਨੂੰ ਬਾਅਦ ਵਿਚ ਘੁੰਮਣ ਆਏ ਲੋਕਾਂ ਨੇ ਵੇਖਿਆ। ਮਾਮਲੇ ਦੀ ਸੁਣਵਾਈ ਦੌਰਾਨ ਇਹ ਵੀ ਸਾਹਮਣੇ ਆਇਆ ਕਿ ਨੌਜਵਾਨ ਨੂੰ ਹਥਿਆਰਾਂ ਨਾਲ ਅਸਧਾਰਣ ਲਗਾਅ ਸੀ ਅਤੇ ਉਸ ਨੇ ਕਤਲ ਤੋਂ ਪਹਿਲਾਂ ਆਨਲਾਈਨ ਹਥੌੜੇ, ਛੁਰੀਆਂ ਅਤੇ ਕੁਹਾੜੀ ਵਰਗੇ ਹਥਿਆਰ ਵੀ ਖਰੀਦੇ ਸਨ। ਉਸ ਨੇ ਕਤਲ ਦੀ ਯੋਜਨਾ ਇੰਟਰਨੈੱਟ ਦੇ ਇਕ ਗਰੁੱਪ ਵਿੱਚ ਹੋਰ ਲੋਕਾਂ ਨਾਲ ਸਾਂਝੀ ਵੀ ਕੀਤੀ ਸੀ। ਅਦਾਲਤ ਨੇ ਦੱਸਿਆ ਕਿ ਮਾਂ ਆਪਣੇ ਪੁੱਤਰ ਦੀ ਮਾਨਸਿਕ ਹਾਲਤ ਨੂੰ ਲੈ ਕੇ ਚਿੰਤਤ ਸੀ ਅਤੇ ਉਸ ਲਈ ਮਦਦ ਲੈਣ ਦੀ ਕੋਸ਼ਿਸ਼ ਕਰ ਰਹੀ ਸੀ। ਘਟਨਾ ਵਾਲੀ ਰਾਤ ਦੋਸ਼ੀ ਨੇ ਪਹਿਲਾਂ ਘਰ ਵਿਚ ਹੀ ਆਪਣੀ ਮਾਂ 'ਤੇ ਹਮਲਾ ਕੀਤਾ ਅਤੇ ਬਾਅਦ ਵਿਚ ਉਸ ਨੂੰ ਬਾਹਰ ਲੈ ਜਾ ਕੇ ਕਤਲ ਕਰ ਦਿੱਤਾ।ਸਜ਼ਾ ਸੁਣਾਉਂਦੇ ਹੋਏ ਜੱਜ ਨੇ ਕਿਹਾ ਕਿ ਇਹ ਬਹੁਤ ਹੀ ਨਿਰਦਈ ਅਤੇ ਯੋਜਨਾਬੱਧ ਕਤਲ ਸੀ ਅਤੇ ਦੋਸ਼ੀ ਨੇ ਆਪਣੀ ਮਾਂ ਦੀਆਂ ਬੇਨਤੀਆਂ ਨੂੰ ਨਜ਼ਰਅੰਦਾਜ਼ ਕਰਦੇ ਹੋਏ ਬੇਹੱਦ ਕਠੋਰਤਾ ਨਾਲ ਇਹ ਜੁਰਮ ਕੀਤਾ। ਅਦਾਲਤ ਨੇ ਕਿਹਾ ਕਿ ਇਸ ਘਟਨਾ ਨਾਲ ਪਰਿਵਾਰ ਨੂੰ ਅਸੀਮ ਦੁੱਖ ਪਹੁੰਚਿਆ ਹੈ ਅਤੇ ਕੋਈ ਵੀ ਸਜ਼ਾ ਇਸ ਘਾਟੇ ਦੀ ਭਰਪਾਈ ਨਹੀਂ ਕਰ ਸਕਦੀ।

## ਸ਼ਹੀਦਾਂ ਨੂੰ ਸੱਚੀ ਸ਼ਰਧਾਂਜਲੀ: ਸੇਵਾ, ਜਾਗਰੂਕਤਾ ਅਤੇ ਵਾਤਾਵਰਣ ਸੰਭਾਲ ਦਾ ਸੰਦੇਸ਼

### "ਮੇਰਾ ਭਾਰਤ ਮੇਰੀ ਜ਼ਿੰਮੇਵਾਰੀ" ਤਹਿਤ ਪਦ ਯਾਤਰਾ ਅਤੇ ਪੌਧਾਰੋਪਣ ਕਰਕੇ ਨੌਜਵਾਨਾਂ ਨੇ ਸ਼ਹੀਦਾਂ ਨੂੰ ਕੀਤਾ ਨਮਨ



**ਨਵਾਂਸ਼ਹਿਰ, 25 ਮਾਰਚ(ਜਤਿੰਦਰ ਪਾਲ ਸਿੰਘ ਕਲੇਰ )** ਯੁਵਾ ਕਾਰ-ਜਕਰਮ ਅਤੇ ਖੇਡ ਮੰਤਰਾਲਾ, ਭਾਰਤ ਸਰਕਾਰ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਸ਼ਹੀਦ ਦਿਵਸ ਮੌਕੇ "ਮੇਰਾ ਯੁਵਾ ਭਾਰਤ" ਅਤੇ ਸ਼੍ਰੀ ਕ੍ਰਿਸ਼ਨਾ ਯੂਥ ਕਲੱਬ ਵੱਲੋਂ "ਮੇਰਾ ਭਾਰਤ ਮੇਰੀ ਜ਼ਿੰਮੇਵਾਰੀ" ਅਭਿਆਨ ਹੇਠ ਪਦ ਯਾਤਰਾ ਅਤੇ ਪੌਧਾਰੋਪਣ ਦਾ ਆਯੋਜਨ ਕੀਤਾ ਗਿਆ। ਇਹ ਪ੍ਰੋਗਰਾਮ ਅਮਰ ਸ਼ਹੀਦ ਭਗਤ ਸਿੰਘ ਦੇ ਜੱਦੀ ਪਿੰਡ ਖਟਕੜ ਕਲਾਂ ਵਿਖੇ ਕਰਵਾਇਆ ਗਿਆ।

ਪ੍ਰੋਗਰਾਮ ਦੌਰਾਨ ਕਲੱਬ ਦੇ ਮੈਂਬਰਾਂ ਅਤੇ ਸਥਾਨਕ ਨੌਜਵਾਨਾਂ ਵੱਲੋਂ ਪਦ ਯਾਤਰਾ ਕੱਢੀ ਗਈ, ਜਿਸ ਦੌਰਾਨ ਦੇਸ਼ਭਕਤੀ ਦੇ ਨਾਰਿਆਂ ਨਾਲ ਮਾਹੌਲ ਗੂੰਜ ਉੱਠਿਆ। ਇਸ ਤੋਂ ਬਾਅਦ ਸ਼ਹੀਦ ਭਗਤ ਸਿੰਘ, ਸੁਖਦੇਵ ਅਤੇ ਰਾਜਗੁਰੂ ਦੀ ਯਾਦ ਵਿੱਚ ਪੌਧੇ ਲਗਾ ਕੇ ਉਨ੍ਹਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ। ਇਸ ਪਹਿਲ ਦਾ ਮਕਸਦ ਨੌਜਵਾਨਾਂ ਵਿੱਚ ਦੇਸ਼ ਪ੍ਰੇਮ ਦੇ ਨਾਲ-ਨਾਲ ਵਾਤਾਵਰਣ ਸੰਭਾਲ ਪ੍ਰਤੀ ਜਾਗਰੂਕਤਾ ਪੈਦਾ ਕਰਨਾ ਸੀ। ਇਸ ਮੌਕੇ "ਮੇਰਾ ਯੁਵਾ ਭਾਰਤ" ਦੀ ਡਿਪਟੀ ਡਾਇਰੈਕਟਰ ਵੰਦਨਾ ਲੌ ਨੇ ਕਿਹਾ ਕਿ ਸ਼ਹੀਦਾਂ ਦੇ ਬਲਿਦ-ਾਨ ਨੂੰ ਯਾਦ ਕਰਨਾ ਹੀ ਕਾਫੀ ਨਹੀਂ, ਸਗੋਂ ਉਨ੍ਹਾਂ ਦੇ ਆਦਰਸ਼ਾਂ ਨੂੰ ਆਪਣੇ ਜੀਵਨ ਵਿੱਚ ਅਪਣਾਉਣਾ ਵੀ ਬਹੁਤ ਜ਼ਰੂਰੀ ਹੈ। "ਮੇਰਾ ਭਾਰਤ ਮੇਰੀ ਜ਼ਿੰਮੇਵਾਰੀ" ਅਭਿਆਨ ਰਾਹੀਂ ਨੌਜਵਾਨਾਂ ਨੂੰ ਰਾਸ਼ਟਰ ਨਿਰਮਾਣ ਅਤੇ ਸਮਾਜ ਸੇਵਾ ਵੱਲ ਪ੍ਰੇਰਿਤ ਕੀਤਾ ਜਾ ਰਿਹਾ ਹੈ। ਇਸੇ ਤਰ੍ਹਾਂ ਸ਼੍ਰੀ ਕ੍ਰਿਸ਼ਨਾ ਯੂਥ ਕਲੱਬ ਦੇ ਪ੍ਰਤਿਨਿਧੀ ਕੁਲਵਿੰਦਰ ਸਿੰਘ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਸ਼ਹੀਦਾਂ ਨੇ ਸਾਨੂੰ ਆਜ਼ਾਦੀ ਦਾ ਅਮੋਲਕ ਤੋਹਫ਼ਾ ਦਿੱਤਾ ਹੈ। ਹੁਣ ਸਾਡੀ ਜ਼ਿੰਮੇਵਾਰੀ ਹੈ ਕਿ ਅਸੀਂ ਆਪਣੇ ਦੇਸ਼ ਨੂੰ ਸਾਫ਼-ਸੁਥਰਾ, ਹਰਾ-ਭਰਾ ਅਤੇ ਜਾਗਰੂਕ ਬਣਾਈਏ। ਪੌਧਾਰੋਪਣ ਸਿਰਫ਼ ਇੱਕ ਪ੍ਰੋਗਰਾਮ ਨਹੀਂ, ਸਗੋਂ ਆਉਣ ਵਾਲੀਆਂ ਪੀੜ੍ਹੀਆਂ ਲਈ ਇੱਕ ਸੰਕਲਪ ਹੈ। ਪ੍ਰੋਗਰਾਮ ਵਿੱਚ ਵੱਡੀ ਗਿਣਤੀ ਵਿੱਚ ਨੌਜਵਾਨਾਂ ਅਤੇ ਪਿੰਡ ਵਾਸੀਆਂ ਨੇ ਭਾਗ ਲਿਆ ਅਤੇ ਦੇਸ਼ ਪ੍ਰਤੀ ਆਪਣੀ ਜ਼ਿੰਮੇਵਾਰੀ ਨਿਭਾਉਣ ਦਾ ਸੰਕਲਪ ਲਿਆ। ਇਸ ਮੌਕੇ ਰਮਨਦੀਪ ਸਿੰਘ, ਸੁਰਿੰਦਰ ਸਿੰਘ, ਜਸਵਿੰਦਰ ਸਿੰਘ, ਜਗਜੀਤ ਸਿੰਘ, ਰਣਜੀਤ ਸਿੰਘ, ਜਗਤਾਰ ਸਿੰਘ ਅਤੇ ਜਤਿੰਦਰ ਸਿੰਘ ਵਿਸ਼ੇਸ਼ ਤੌਰ 'ਤੇ ਮੌਜੂਦ ਰਹੇ।

for more news visit:
www.samajweekly.com

# ਐਨਵਾਇਰਨਮੈਂਟ ਐਜੂਕੇਸ਼ਨ ਪ੍ਰੋਗਰਾਮ ਦੇ ਅੰਤਰਗਤ ਕਿਚਨ ਗਾਰਡਨ ਮਿਸ਼ਨ ਲਾਈਫ ਥੀਮ ਸਸਟੇਨੇਬਲ ਫੂਡ ਸਿਸਟਮਸ ਅਤੇ ਹਰਬਲ ਜਾਂ ਮੈਡੀਸੀਨਲ ਪਲਾਂਟ ਗਾਰਡਨ ਮਿਸ਼ਨ ਲਾਈਫ ਥੀਮ ਹੈਲਥੀ ਲਾਈਫ ਸਟਾਈਲ ਦੇ ਸਬੰਧੀ ਜਾਗਰੂਕਤਾ ਪ੍ਰੋਗਰਾਮ ਕਰਵਾਇਆ ਗਿਆ







**(ਬਰਜਿੰਦਰ ਕੌਰ ਬਿਸਰਾਓ)**:-ਜ਼ਿਲਾ ਸਿੱਖਿਆ ਅਫਸਰ ਸਕੈਂਡਰੀ ਦੇ ਨਿਰਦੇਸ਼ਾਂ ਅਨੁਸਾਰ ਤੇ ਜ਼ਿਲ੍ਹਾ ਈ ਈ ਪੀ ਕੋਆਰਡੀਨੇਟਰ ਦੀ ਪ੍ਰੇਰਨਾ ਸਦਕਾ ਸਰਕਾਰੀ ਹਾਈ ਸਕੂਲ ਹਿੰਮਤਾਨਾ, ਜ਼ਿਲ੍ਹਾ ਮਾਲੇਰਕੋਟਲਾ ਵਿਖੇ ਸਕੂਲ ਇੰਚਾਰਜ ਮੈਡਮ ਪਰਮਿੰਦਰ ਕੌਰ ਜੀ ਦੀ ਨਿਗਰਾਨੀ ਹੇਠ , ਸਕੂਲ ਈਕੋ ਕਲੱਬ ਨੋਡਲ ਮੈਡਮ ਸ਼ਵੇਤਾ ਸ਼ਰਮਾ ਜੀ ਦੁਆਰਾ ਸਕੂਲੀ ਵਿਦਿਆਰਥੀਆਂ ਲਈ ਐਨਵਾਇਰਨਮੈਂਟ ਐਜੂਕੇਸ਼ਨ ਪ੍ਰੋਗਰਾਮ ਦੇ ਅੰਤਰਗਤ ਕਿਚਨ ਗਾਰਡਨ ਮਿਸ਼ਨ ਲਾਈਫ ਥੀਮ ਸਸਟੇਨੇਬਲ ਫੂਡ ਸਿਸਟਮਸ ਅਤੇ ਹਰਬਲ ਜਾਂ ਮੈਡੀਸੀਨਲ ਪਲਾਂਟ ਗਾਰਡਨ ਮਿਸ਼ਨ ਲਾਈਫ ਥੀਮ ਹੈਲਥੀ ਲਾਈਫ ਸਟਾਈਲ ਦੇ ਸਬੰਧੀ ਈ ਈ ਪੀ ਬੈਨਰ ਨਾਲ ਜਾਗਰੂਕਤਾ ਪ੍ਰੋਗਰਾਮ ਕਰਵਾਇਆ ਗਿਆ। ਭਾਰਤ ਸਰਕਾਰ ਦੇ ਈ ਈ ਪੀ ਪ੍ਰੋਗਰਾਮ ਦੁਆਰਾ 'ਮਿਸ਼ਨ ਲਾਈਫ' ਤਹਿਤ ਦਿੱਤੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਸਰਕਾਰੀ ਹਾਈ ਸਕੂਲ, ਹਿੰਮਤਾਨਾ , ਜ਼ਿਲ੍ਹਾ ਮਾਲੇਰਕੋਟਲਾ ਵਿਖੇ ਕਿਚਨ ਗਾਰਡਨ ਅਤੇ ਹਰਬਲ ਗਾਰਡਨ ਦੀ ਤਿਆਰੀ ਸਬੰਧੀ ਸਕੂਲੀ ਵਿਦਿਆਰਥੀਆਂ ਨੂੰ ਜਾਗਰੂਕ ਕਰਨ ਲਈ ਇੱਕ ਰੋਜਾ ਜਾਗਰੂਕਤਾ ਸੈਮੀਨਾਰ ਕਰਵਾਇਆ ਗਿਆ। ਇਸ ਮੌਕੇ ਤੇ ਰਿਸੋਰਸ ਪਰਸਨ ਵਣ ਬੀਟ ਇੰਚਾਰਜ ਸ੍ਰੀ ਕੁਲਦੀਪ ਸਿੰਘ ਜੀ ਵੱਲੋਂ



ਵਿਦਿਆਰਥੀਆਂ ਨੂੰ ਕਿਚਨ ਗਾਰਡਨ ਅਤੇ ਹਰਬਲ ਗਾਰਡਨ ਦੀ ਘਰੇਲੂ ਜੀਵਨ ਵਿੱਚ ਮਹਤੱਤਾ ਸਮਝਾਉਂਦੇ ਹੋਏ ਇਸਨੂੰ ਤਿਆਰ ਕਰਨ ਬਾਰੇ ਤਕਨੀਕੀ ਜਾਣਕਾਰੀ ਦਿੱਤੀ ਗਈ। ਇਸ ਪ੍ਰੋਗਰਾਮ ਦੌਰਾਨ ਸਮੂਹ ਹਿੰਮਤਾਨਾ ਸਟਾਫ ਹਾਜ਼ਰ ਰਿਹਾ । ਰਿਸੋਰਸ ਪਰਸਨ ਦੁਆਰਾ ਬੱਚਿਆਂ ਨੂੰ ਆਪਣੇ ਘਰਾਂ ਵਿੱਚ ਅਤੇ ਆਪਣੇ ਸਕੂਲ ਵਿੱਚ ਵੱਖ-ਵੱਖ ਮਾਡਲਾਂ ਦੇ ਛੋਟੇ ਛੋਟੇ ਗਾਰਡਨ ਖ਼ੁਦ ਤਿਆਰ ਕਰਨ ਲਈ ਪ੍ਰੇਰਿਤ ਕੀਤਾ ਗਿਆ। ਇਸ ਮੌਕੇ ਤੇ ਪ੍ਰੋਗਰਾਮ ਨੂੰ ਹੋਰ ਰੋਚਕ ਬਣਾਉਣ ਲਈ ਵਿਦਿਆਰਥੀਆਂ ਦੇ ਇਹਨਾਂ ਈ ਈ ਪੀ ਵਿਸ਼ਿਆਂ ਸਬੰਧੀ ਵਾਦ ਵਿਵਾਦ ਤੇ ਪ੍ਰਸ਼ਨ ਮੰਚ ਮੁਕਾਬਲੇ ਕਰਵਾਏ ਵੀ ਗਏ ਅਤੇ ਜੇਤੂ ਵਿਦਿਆਰਥੀਆਂ ਨੂੰ ਸਟੇਸ਼ਨਰੀ ਆਦਿ ਦੇ ਕੇ ਸਕੂਲ ਇੰਚਾਰਜ , ਮੌਕੇ ਦੇ ਰਿਸੋਰਸ ਪਰਸਨ ਤੇ ਸਮੂਹ ਹਿੰਮਤਾਨਾ ਸਟਾਫ਼ ਵੱਲੋਂ ਸਨਮਾਨਿਤ ਕੀਤਾ ਗਿਆ । ਸਟੇਜ ਦੇ ਸੰਚਾਲਨ ਅਤੇ ਸੈਮੀਨਾਰ ਦੇ ਸਫ਼ਲ ਆਯੋਜਨ ਲਈ ਈਕੋ ਕਲੱਬ ਇੰਚਾਰਜ ਮੈਡਮ ਸ੍ਰੀਮਤੀ ਸ਼ਵੇਤਾ ਸ਼ਰਮਾ ਜੀ ਦਾ ਵਿਸ਼ੇਸ਼ ਯੋਗਦਾਨ ਰਿਹਾ। ਇਸ ਗਤੀਵਿਧੀ ਵਿੱਚ ਭਾਗ ਲੈਣ ਵਾਲੇ ਵਿਦਿਆਰਥੀਆਂ ਨੂੰ ਸਟੇਸ਼ਨਰੀ ਅਤੇ ਰਿਫਰੈਸ਼ਮੈਂਟ ਵੀ ਦਿੱਤੀ ਗਈ । ਸੈਮੀਨਾਰ ਦੌਰਾਨ ਵਿਦਿਆਰਥੀਆਂ ਨੂੰ ਹਰਬਲ ਪੌਦਿਆਂ ਸਬੰਧੀ ਲਿਟਰੇਚਰ ਤੇ ਮਿਸ਼ਨ ਲਾਈਫ ਥੀਮ ਦੇ ਪੈਮਫਲੈਟ ਵੀ ਵੰਡੇ ਗਏ ! ਇਸ ਮੌਕੇ ਤੇ ਬੱਚਿਆਂ ਨੇ ਵੇਸਟ ਕੱਪੜਿਆਂ ਤੋਂ ਥੱਲੇ ਬਣਾਉਣ ਦੀ ਗਤੀਵਿਧੀ ਵਿੱਚ ਵੀ ਸ਼ਮੂਲੀਅਤ ਕੀਤੀ ਤੇ ਆਪਣੇ ਹੱਥੀ ਇਕੋ ਫਰੈਂਡਲੀ ਬਣਾਏ ਥੈਲਿਆਂ ਦਾ ਪ੍ਰਦਰਸ਼ਨ ਕੀਤਾ । ਰਿਸੋਰਸ ਪਰਸਨ ਜੀ ਨੇ ਸਕੂਲ ਇੰਚਾਰਜ ਨੂੰ ਹਰਬਲ ਪਲਾਂਟ ਭੇਂਟ ਕੀਤੇ ਤੇ ਅੰਤ ਵਿੱਚ ਸਕੂਲ ਇੰਚਾਰਜ ਮੈਡਮ ਪਰਮਿੰਦਰ ਕੌਰ ਜੀ ਨੇ ਸਕੂਲ ਵਿੱਚ ਇਹਨਾਂ ਗਤੀਵਿਧੀਆਂ ਨੂੰ ਕਰਾਉਣ ਲਈ ਵਣ ਵਿਭਾਗ ਵੱਲੋਂ ਸਕੂਲ ਵਿੱਚ ਪਹੁੰਚੇ ਰਿਸੋਰਸ ਪਰਸਨ ਸ ਕੁਲਦੀਪ ਸਿੰਘ ਜੀ ਦਾ ਧੰਨਵਾਦ ਕੀਤਾ ਤੇ ਸਮੂਹ ਸਟਾਫ ਨਾਲ ਮਿਲ ਕੇ ਉਹਨਾਂ ਨੂੰ ਸਨਮਾਨਿਤ ਕੀਤਾ।

# ਹਲਕਾ ਦੱਖਣੀ ਵਿੱਚ ਕਾਂਗਰਸੀ ਵਰਕਰਾਂ ਦੀ ਮੀਟਿੰਗ ਵਿੱਚ ਬਾਵਾ ਨੇ ਕਿਹਾ ਕਿ 'ਆਪ' ਸਰਕਾਰ ਦੀਆਂ ਜ਼ਿਆਦਤੀਆਂ ਕਾਰਨ ਹਰ ਵਰਗ ਆਪਣੇ ਆਪ ਨੂੰ ਅਸੁਰੱਖਿਅਤ ਮਹਿਸੂਸ ਕਰ ਰਿਹਾ ਹੈ

- **ਡੀ.ਐਮ ਰੰਧਾਵਾ ਦੀ ਖੁਦਕੁਸ਼ੀ ਅਤੇ ਦੋ ਕਿਸਾਨ ਭਰਾਵਾਂ ਵੱਲੋਂ ਕਰਜੇ ਦੀ ਮਾਰ ਕਾਰਨ ਆਤਮ ਹੱਤਿਆ 'ਆਪ' ਸਰਕਾਰ ਦੇ ਮੱਥੇ 'ਤੇ ਕਲੰਕ**
- **ਓਵਰਸੀਜ਼ ਕਾਂਗਰਸ ਅਮਰੀਕਾ ਦੇ ਪ੍ਰਧਾਨ ਮਹਿੰਦਰ ਸਿੰਘ ਗਿਲਚੀਆ ਅਤੇ ਗੁਰਮੀਤ ਸਿੰਘ ਗਿੱਲ ਨੇ ਦੋ ਕਿਸਾਨ ਭਰਾਵਾਂ ਦੀ ਖੁਦਕੁਸ਼ੀ 'ਤੇ ਡੂੰਘੀ ਚਿੰਤਾ ਪ੍ਰਗਟ ਕੀਤੀ**







**ਲੁਧਿਆਣਾ 25 ਮਾਰਚ (ਕਰਨੈਲ ਸਿੰਘ ਐੱਮ.ਏ.)** ਹਲਕਾ ਦੱਖਣੀ ਵਿੱਚ ਕਾਂਗਰਸੀ ਵਰਕਰਾਂ ਦੀ ਮੀਟਿੰਗ ਨੂੰ ਸੰਬੋਧਨ ਕਰਦਿਆਂ ਸੀਨੀਅਰ ਕਾਂਗਰਸੀ ਨੇਤਾ ਕ੍ਰਿਸ਼ਨ ਕੁਮਾਰ ਬਾਵਾ ਕੋਆਰਡੀਨੇਟਰ ਏ.ਆਈ.ਸੀ.ਸੀ (ਓ.ਬੀ.ਸੀ) ਇੰਚਾਰਜ ਹਿਮਾਚਲ ਪ੍ਰਦੇਸ਼ ਨੇ ਕਿਹਾ ਕਿ 'ਆਪ' ਸਰਕਾਰ ਦੀਆਂ ਜ਼ਿਆਦਤੀਆਂ ਅਤੇ ਲਾਅ ਐਂਡ ਆਰਡਰ ਵਿੱਚ ਆਏ ਨਿਘਾਰ ਕਾਰਨ ਹਰ ਵਰਗ ਕਿਸਾਨ, ਵਿਉਪਾਰੀ, ਕਾਰਖਾਨੇਦਾਰ, ਮਜ਼ਦੂਰ, ਮੁਲ-ਾਜ਼ਮ, ਦੁਕਾਨਦਾਰ ਅਤੇ ਯੂਥ ਆਪਣੇ ਆਪ ਨੂੰ ਅਸੁਰੱਖਿਅਤ ਮਹਿਸੂਸ ਕਰ ਰਿਹਾ ਹੈ ਪਰ ਪੰਜਾਬ ਸਰਕਾਰ ਦੇ ਕੰਨ 'ਤੇ ਜੂੰ ਨਹੀਂ ਸਰਕਦੀ। ਇਹ ਹਾਲਾਤ ਦੱਸਦੇ ਹਨ ਕਿ ਪੰਜਾਬ ਦੀ ਸੱਤਾ 'ਤੇ ਅਜਿਹੇ ਲੋਕ ਕਾਬਜ਼ ਹਨ ਜਿਨਾਂ ਨੇ ਪੰਜਾਬੀਆਂ ਦਾ ਵਾਲ-ਵਾਲ ਕਰਜਾਈ ਕਰ ਦਿੱਤਾ ਹੈ, ਜੋ 70 ਸਾਲ ਵਿੱਚ ਪੰਜਾਬ ਤੇ 2.50 ਲੱਖ ਕਰੋੜ ਰੁਪਏ ਦਾ ਕਰਜ਼ਾ ਸਿਰ ਹੋ ਗਿਆ ਜਦਕਿ ਹੁਣ ਚਾਰ ਸਾਲ ਵਿੱਚ ਭਗਵੰਤ ਮਾਨ ਸਰਕਾਰ ਨੇ ਕਰਜ਼ਾ ਪੌਣੇ ਪੰਜ ਲੱਖ ਕਰੋੜ ਕਰ ਦਿੱਤਾ ਹੈ ਜੋ ਹਰ ਪੰਜਾਬੀ ਲਈ ਚਿੰਤਾ ਦਾ ਵਿਸ਼ਾ ਹੈ ਅਤੇ ਪੰਜਾਬ ਦੇ ਗੌਰਵਮਈ ਇਤਿਹਾਸ ਨੂੰ ਕਲੰਕਿਤ ਕਰਦਾ ਹੈ। ਬਾਵਾ ਨੇ ਕਿਹਾ ਕਿ ਡੀ.ਐਮ ਗਗਨਦੀਪ ਸਿੰਘ ਰੰਧਾਵਾ ਦੀ ਖੁਦਕੁਸ਼ੀ ਅਤੇ ਦੋ ਕਿਸਾਨ ਭਰਾਵਾਂ ਵੱਲੋਂ ਕਰਜੇ ਦੀ ਮਾਰ ਕਾਰਨ ਕੀਤੀ ਆਤਮ ਹੱਤਿਆ ਪੰਜਾਬ ਸਰਕਾਰ ਵੱਲੋਂ ਪੰਜਾਬ ਵਿੱਚ ਪੈਦਾ ਕੀਤੇ ਹਾਲਾਤ ਬਿਆਨ ਕਰਦੀ ਹੈ। ਬਾਵਾ ਨੇ ਕਿਹਾ ਕਿ ਪੰਜਾਬ ਦੇ ਉਜਵਲ ਭਵਿੱਖ ਲਈ 2027 ਵਿੱਚ ਕਾਂਗਰਸ ਪਾਰਟੀ ਦੀ ਸਰਕਾਰ ਬਣਾਉਣ ਲਈ ਦੂਰਅੰਦੇਸ਼ ਸੋਚ 'ਤੇ ਪਹਿਰਾ ਦਿੰਦੇ ਹੋਏ ਪੰਜਾਬੀ ਕਾਂਗਰਸ ਪਾਰਟੀ ਦੇ ਚੋਣ ਨਿਸ਼ਾਨ ਹੱਥ ਪੰਜੇ ਦਾ ਬਟਨ ਦਬਾ ਕੇ ਮਜਬੂਤ ਕਰਨ ਤਾਂ ਕਿ ਪੰਜਾਬ ਦੀ ਕਿਸਾਨੀ, ਸਨਅਤ, ਮੁਲਾਜ਼ਮ, ਮਜ਼ਦੂਰ, ਦੁਕਾਨਦਾਰ ਅਤੇ ਯੂਥ ਆਪਣੇ ਆਪ ਨੂੰ ਮਹਿਫੂਜ ਸਮਝਦਾ ਹੋਇਆ ਤਰੱਕੀ ਦੇ ਰਸਤੇ 'ਤੇ ਅੱਗੇ ਵਧੇ।

ਇਸ ਸਮੇਂ ਫੋਨ ਰਾਹੀਂ ਓਵਰਸੀਜ ਕਾਂਗਰਸ ਅਮਰੀਕਾ ਦੇ ਪ੍ਰਧਾਨ ਮਹਿੰਦਰ ਸਿੰਘ ਗਿਲਚੀਆ ਅਤੇ ਗੁਰਮੀਤ ਸਿੰਘ ਗਿੱਲ ਨੇ ਦੋ ਕਿਸਾਨ ਭਰਾਵਾਂ ਦੀ ਖੁਦਕੁਸ਼ੀ ਤੇ ਡੂੰਘੀ ਚਿੰਤਾ ਪ੍ਰਗਟ ਕੀਤੀ।

# ਹਰਿਆਣਾ ਕਮੇਟੀ ਮੈਂਬਰ ਬਿੰਦਰ ਸਿੰਘ ਕਾਲਾਂਵਾਲੀ ਦੀ ਵਾਅਦਾ ਖਿਲਾਫ਼ੀ ਵਿਰੁੱਧ ਕਾਲਾਂਵਾਲੀ ਪਿੰਡ ਵਾਲਿਆਂ ਜਥੇਦਾਰ ਦਾਦੂਵਾਲ ਨਾਲ ਕੀਤੀ ਮੁਲਾਕਾਤ





**ਲੁਧਿਆਣਾ (ਕਰਨੈਲ ਸਿੰਘ ਐੱਮ.ਏ.)** ਕਾਲਾਂਵਾਲੀ ਪਿੰਡ ਦੇ ਨਗਰ ਨਿਵਾਸੀਆਂ ਵੱਲੋਂ ਅੱਜ ਵੱਡੀ ਗਿਣਤੀ ਵਿੱਚ ਭਾਈ ਬਿੰਦਰ ਸਿੰਘ 35 ਨੰਬਰ ਵਾਰਡ ਕਾਲਾਂਵਾਲੀ ਤੋਂ ਮੈਂਬਰ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਮੈਂਬਰ ਅਕਾਲ ਪੰਥਕ ਮੋਰਚਾ ਖਿਲਾਫ਼ ਗੁਰਦੁਆਰਾ ਗੁਰੂ ਗ੍ਰੰਥਸਰ ਦਾਦੂ ਸਾਹਿਬ ਵਿਖੇ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਜੀ ਚੇਅਰਮੈਨ ਧਰਮ ਪ੍ਰਚਾਰ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨਾਲ ਵਿਸੇਸ਼ ਮੁਲਾਕਾਤ ਕੀਤੀ । ਜਥੇਦਾਰ ਦਾਦੂਵਾਲ ਜੀ ਦੇ ਸਹਾਇਕ ਭਾਈ ਜਗਮੀਤ ਸਿੰਘ ਬਰਾੜ ਨੇ ਦੱਸਿਆ ਕਿ ਕਾਲਾਂਵਾਲੀ ਪਿੰਡ ਵਾਲਿਆਂ ਨੇ ਜਥੇਦਾਰ ਦਾਦੂਵਾਲ ਜੀ ਨੂੰ ਦੱਸਿਆ ਕਿ ਭਾਈ ਬਿੰਦਰ ਸਿੰਘ ਮੈਂਬਰ ਜੋ ਗੁਰਦੁਆਰਾ ਦੂਖ ਨਿਵਾਰਨ ਸਾਹਿਬ ਕਾਲਾਂਵਾਲੀ ਦਾ ਪ੍ਰਧਾਨ ਵੀ ਹੈ, ਇਸ ਨੇ ਪਿੰਡ ਤੋਂ ਚੋਰੀ ਛਿਪੇ ਗੁਰਦੁਆਰਾ ਸਾਹਿਬ ਉੱਪਰ ਕਬਜ਼ਾ ਕਰਨ ਦੀ ਨੀਅਤ ਦੇ ਨਾਲ ਚਾਰ ਵਿਅਕਤੀਆਂ ਨੂੰ ਹੋਰ ਨਾਲ ਲੈ ਕੇ ਮਿਤੀ 5 ਦਸੰਬਰ 2024 ਨੂੰ ਇੱਕ ਨਿੱਜੀ ਟ੍ਰਸਟ ਬਣਾ ਕੇ ਕਾਲਾਂਵਾਲੀ ਤਹਿਸੀਲ ਵਿੱਚ ਰਜਿਸਟਰਡ ਕਰਵਾ ਲਿਆ ਸੀ ਜਿਸ ਦਾ ਕਈ ਮਹੀਨੇ ਬਾਅਦ ਵਿੱਚ ਪਿੰਡ ਵਾਸੀਆਂ ਨੂੰ ਪਤਾ ਲੱਗਾ ਤਾਂ ਪਿੰਡ ਵਾਸੀਆਂ ਨੇ ਬਾਬਾ ਗੁਰਮੀਤ ਸਿੰਘ ਤਿਲੋਕੇਵਾਲਾ ਕੋਲ ਉਹਨਾਂ ਦੇ ਗੁਰਦੁਆਰਾ ਨਿਰਮਲਸਰ ਵਿੱਚ ਕੁੱਝ ਮਹੀਨੇ ਪਹਿਲਾਂ ਪੰਚਾਇਤੀ ਇਕੱਠ ਕਰਕੇ ਬਿੰਦਰ ਸਿੰਘ ਮੈਂਬਰ ਨੂੰ ਪੰਚਾਇਤ ਵਿੱਚ ਪੁੱਛਿਆ ਕਿ ਉਸਨੇ ਪਿੰਡ ਤੋਂ ਚੋਰੀ ਅਜਿਹਾ ਕੰਮ ਕਿਉਂ ਕੀਤਾ ਤਾਂ ਬਿੰਦਰ ਸਿੰਘ ਮੈਂਬਰ ਨੇ ਆਪਣੀ ਗਲਤੀ ਨੂੰ ਸਵੀਕਾਰ ਕੀਤਾ ਅਤੇ ਪਿੰਡ ਤੋਂ ਚੋਰੀ ਛਿਪੇ ਬਣਾਏ ਨਿੱਜੀ ਟ੍ਰਸਟ ਨੂੰ ਰੱਦ ਕਰਵਾਉਣ ਦਾ ਸਿੱਖ ਸੰਗਤ ਨਾਲ ਵਾਅਦਾ ਕੀਤਾ ਪਰ ਸਿੱਖ ਸੰਗਤ ਨਗਰ ਨਿਵਾਸੀਆਂ ਨਾਲ ਵਾਅਦਾ ਖਿਲਾਫੀ ਕਰਦਿਆਂ ਕਈ ਮਹੀਨੇ ਬੀਤ ਜਾਣ ਦੇ ਬਾਅਦ ਅਜੇ ਤੱਕ ਵੀ ਬਿੰਦਰ ਸਿੰਘ ਮੈਂਬਰ ਵੱਲੋਂ ਇਸ ਟ੍ਰਸਟ ਨੂੰ ਰੱਦ ਨਹੀਂ ਕਰਵਾਇਆ ਗਿਆ ਤਾਂ ਅੱਜ ਨਗਰ ਨਿਵਾਸੀ ਕਾਲਾਂਵਾਲੀ ਦੇ ਸਾਬਕਾ ਸਰਪੰਚ ਅਜੈਬ ਸਿੰਘ, ਗੁਰਦੁਆਰਾ ਦੂਖ ਨਿਵਾਰਨ ਸਾਹਿਬ ਦੇ ਸਾਬਕਾ ਪ੍ਰਧਾਨ ਹਰਬੰਸ ਸਿੰਘ, ਮਹਿੰਦਰ ਸਿੰਘ ਚਹਿਲ, ਨੰਬਰਦਾਰ ਰਜਿੰਦਰ ਸਿੰਘ, ਨੌਜਵਾਨ ਯਾਦਵਿੰਦਰ ਸਿੰਘ ਦੀ ਅਗਵਾਈ ਵਿੱਚ ਵੱਡੀ ਗਿਣਤੀ 'ਚ ਕਾਲਾਂਵਾਲੀ ਦੀਆਂ ਸਿੱਖ ਸੰਗਤਾਂ ਨੇ ਗੁਰਦੁਆਰਾ ਗੁਰੂ ਗ੍ਰੰਥਸਰ ਦਾਦੂ ਸਾਹਿਬ ਵਿਖੇ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਜੀ ਕੋਲ ਪਹੁੰਚ ਕੀਤੀ ਅਤੇ ਭਾਈ ਬਿੰਦਰ ਸਿੰਘ ਮੈਂਬਰ ਵੱਲੋਂ ਪਿੰਡ ਤੋਂ ਚੋਰੀ ਬਣਾਏ ਗਏ ਟ੍ਰਸਟ ਨੂੰ ਰੱਦ ਕਰਵਾਉਣ ਵਾਸਤੇ ਅਪੀਲ ਕੀਤੀ ਤੇ ਕਿਹਾ ਕਿ ਭਾਈ ਬਿੰਦਰ ਸਿੰਘ ਮੈਂਬਰ ਪਿੰਡ ਤਿਲੋਕੇਵਾਲਾ ਵਿਖੇ ਬਾਬਾ ਗੁਰਮੀਤ ਸਿੰਘ ਦੀ ਹਾਜ਼ਰੀ ਵਿੱਚ ਕਾਲਾਂਵਾਲੀ ਪਿੰਡ ਦੀਆਂ ਸਿੱਖ ਸੰਗਤਾਂ ਨਾਲ ਕੀਤੇ ਵਾਅਦੇ ਤੋਂ ਮੁੱਕਰ ਰਿਹਾ ਹੈ ਅਤੇ ਟ੍ਰਸਟ ਰੱਦ ਕਰਨ ਵਿੱਚ ਰੁਕਾਵਟਾਂ ਪਾ ਰਿਹਾ ਹੈ । ਸਾਨੂੰ ਪਿੰਡ ਵਾਸੀਆਂ ਨੂੰ ਇਸ ਗੱਲ ਦੀ ਆਸ ਨਹੀਂ ਸੀ ਕਿ ਪਿੰਡ ਦਾ ਮੁੰਡਾ ਪਿੰਡ ਵਾਸੀਆਂ ਨਾਲ ਇਸ ਤਰ੍ਹਾਂ ਦਾ ਧੋਖਾ ਕਰੇਗਾ । ਇਸ ਲਈ ਸਾਡੀ ਪਿੰਡ ਵਾਸੀਆਂ ਦੀ ਅਪੀਲ ਸਵੀਕਾਰ ਕਰਕੇ ਟ੍ਰਸਟ ਰੱਦ ਕਰਵਾਉਣ ਵਿੱਚ ਸਾਡੀ ਮੱਦਦ ਕੀਤੀ ਜਾਵੇ । ਜਥੇਦਾਰ ਦਾਦੂਵਾਲ ਜੀ ਨੇ ਕਾਲਾਂਵਾਲੀ ਪਿੰਡ ਦੀਆਂ ਸੰਗਤਾਂ ਦੀ ਅਪੀਲ ਸੁਣ ਕੇ ਮੱਦਦ ਦਾ ਭਰੋਸਾ ਦਿੱਤਾ । ਜਥੇਦਾਰ ਦਾਦੂਵਾਲ ਜੀ ਕੋਲ ਪੁੱਜੀਆਂ ਸਿੱਖ ਸੰਗਤਾਂ ਵਿੱਚ ਉਪਰੋਕਤ ਤੋਂ ਇਲਾਵਾ ਮਲਕੀਤ ਸਿੰਘ, ਰਮਨਦੀਪ ਸਿੰਘ, ਕਾਲਾ ਸਿੰਘ, ਗੁਰਦੀਪ ਸਿੰਘ, ਜੱਸਾ ਸਿੰਘ, ਹਰਪ੍ਰੀਤ ਸਿੰਘ ਚਹਿਲ, ਯਾਦਵਿੰਦਰ ਸਿੰਘ, ਸ਼ਿਵ ਸਿੰਘ, ਰਸ਼ਪਾਲ ਸਿੰਘ, ਗੁਰਦੇਵ ਸਿੰਘ, ਜਗਸੀਰ ਸਿੰਘ, ਕਾਲਾ ਸਿੰਘ ਟਾਹਲੀਆਂ ਵਾਲਾ, ਜੱਗੀ ਸਿੰਘ, ਗੁਰਦੀਪ ਸਿੰਘ ਬੱਬੂ, ਦਰਸ਼ਨ ਸਿੰਘ, ਜੀਵਨ ਸਿੰਘ, ਗੁਰਸੇਵਕ ਸਿੰਘ, ਕਾਕਾ ਸਿੰਘ ਮੈਂਬਰ ਸਮੇਤ ਵੱਡੀ ਗਿਣਤੀ ਵਿੱਚ ਸਿੰਘ ਹਾਜ਼ਰ ਸਨ ।

# ਕਾਕੋਰੀ ਕਾਂਡ ਦੇ ਸ਼ਹੀਦਾਂ ਦੇ ਬੁੱਤ ਤੋੜੇ ਜਾਣ ਖ਼ਿਲਾਫ਼ 27 ਨੂੰ ਆਵਾਜ਼ ਬੁਲੰਦ ਕਰੇਗਾ ਵਿਸ਼ਵ ਰੰਗਮੰਚ ਦਿਹਾੜਾ ਸਮਾਗਮ







On this day in 1927, revolutionary freedom fighters Ram Prasad Bismil, Ashfaqulla Khan and Thakur Roshan Singh were hanged to death by the British government for their involvement in the Kakori train robbery case.



ਸਮਾਜ ਵੀਕਲੀ ਨਿਊਜ਼

**ਜਲੰਧਰ (ਸਤਨਾਮ ਸਿੰਘ ਸਹੂੰਗੜਾ)** ਆਜ਼ਾਦੀ ਸੰਗਰਾਮ ਦੇ ਇਤਿਹਾਸ ਅੰਦਰ 9 ਅਗਸਤ 1925 ਦਾ ਦਿਹਾੜਾ ਕਾਕੋਰੀ (ਉਤਰ ਪ੍ਰਦੇਸ਼) ਕਾਂਡ ਨੂੰ ਆਪਣੀ ਬੁੱਕਲ ਵਿਚ ਸਮੋਈ ਬੈਠਾ ਹੈ। ਉੱਤਰ ਪ੍ਰਦੇਸ਼ ਦੀਆਂ ਵੱਖ-ਵੱਖ ਜੇਲ੍ਹਾਂ ਵਿੱਚ 19 ਦਸੰਬਰ 1927 ਨੂੰ ਫਾਂਸੀ ਲੱਗਣ ਵਾਲੇ ਸ਼ਹੀਦ ਅਸ਼ਫ਼ਾਕ਼ ਉੱਲਾ ਖਾਂ, ਸ਼ਹੀਦ ਰਾਮ ਪ੍ਰਸਾਦ ਬਿਸਮਿਲ ਅਤੇ ਸ਼ਹੀਦ ਠਾਕੁਰ ਰੌਸ਼ਨ ਸਿੰਘ ਦੀ ਯਾਦ ਚ ਸ਼ਾਹਜਹਾਂਪੁਰ (ਯੂਪੀ) ਦੇ ਪਾਰਕ ਚ ਲੱਗੇ ਬੁੱਤਾਂ ਨੂੰ ਮਲੀਆ ਮੇਟ ਕਰਕੇ ਸ਼ਹਿਰ ਦੇ ਮਲਬੇ ਦੇ ਮਹਾਂ ਡੰਪ ਵਿੱਚ ਸੁੱਟ ਦਿੱਤੇ ਜਾਣ ਦੀ ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ ਨੇ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕੀਤੀ ਹੈ। ਕਮੇਟੀ ਦਾ ਕਹਿਣਾ ਹੈ ਕਿ ਪਹਿਲਾਂ ਬਰਤਾਨਵੀ ਹਕੂਮਤ ਨੇ ਇਹਨਾਂ ਦੇਸ਼ ਭਗਤਾਂ ਨੂੰ ਫਾਂਸੀ ਦੇ ਤਖ਼ਤੇ ਤੇ ਲਟਕਾਇਆ ਹੁਣ ਦੂਜੀ ਵਾਰ ਭਾਜਪਾ ਦੀ ਡਬਲ ਇੰਜਣ ਸਰਕਾਰ ਨੇ ਉਹਨਾਂ ਦੇਸ਼ ਭਗਤਾਂ ਨੂੰ 'ਮੌਤ ਦੇ ਘਾਟ' ਉਤਾਰਿਆ ਹੈ ਜਿਸ ਖ਼ਿਲਾਫ਼ ਸ਼ਾਹਜਹਾਂਪੁਰ ਅਤੇ ਹੋਰਨਾਂ ਥਾਵਾਂ ਤੇ ਲੋਕਾਂ ਵਿਚ ਰੋਸ ਪਾਇਆ ਜਾ ਰਿਹਾ ਹੈ। ਸ਼ਹੀਦ ਅਸ਼ਫ਼ਾਕ਼ ਉੱਲਾ ਖਾਂ ਦੇ ਪੜਪੋਤਰੇ ਜਿਸਦਾ ਨਾਮ ਵੀ ਪਰਿਵਾਰ ਨੇ ਸੱਚ ਮੁੱਚ ਅਸ਼ਫਾਕ ਉੱਲਾ ਖਾਂ ਹੀ ਰੱਖਿਆ ਹੈ ਉਹਨਾਂ ਅਤੇ ਯੂ ਪੀ ਦੇ ਨਾਮਵਰ ਵਿਦਵਾਨ ਲੇਖਕ ਸੁਧੀਰ ਵਿਦਿਆਰਥੀ, ਹਿਮਾਂਸ਼ੂ ਕੁਮਾਰ, ਪ੍ਰੋ ਵੇਦ ਵਟੁਕ ਨੇ ਦੇਸ਼ ਭਗਤ ਯਾਦਗਾਰ ਕਮੇਟੀ ਨਾ਼ਲ ਫ਼ੋਨ ਤੇ ਗੱਲਬਾਤ ਕਰਦਿਆਂ ਦੱਸਿਆ ਕਿ ਜਦੋਂ ਦੇਸ਼ ਦੁਨੀਆ ਅੰਦਰ 23 ਮਾਰਚ ਨੂੰ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦਾ ਸ਼ਹੀਦੀ ਦਿਹਾੜਾ ਮਨਾਇਆ ਜਾਣਾ ਸੀ ਉਸੇ ਦਿਨ ਸਰਘੀ ਵੇਲੇ ਕੋਈ ਤੜਕੇ ਤਿੰਨ ਵਜੇ ਲੋਕਾਂ ਤੋਂ ਚੋਰੀ ਬਿਨਾਂ ਕਿਸੇ ਸੂਚਨਾ ਦੇ ਇਸ ਪਾਰਕ ਵਿੱਚ ਲੱਗੇ ਬੁੱਤਾਂ ਨੂੰ ਮਲੀਆ ਮੇਟ ਕਰ ਦਿੱਤਾ । ਹੁਣ ਜਦੋਂ ਜਨਤਾ ਵਿੱਚ ਬੇਚੈਨੀ ਦੇਖੀ ਤਾਂ ਕਾਨੂੰਨੀ ਕਾਰਵਾਈ ਕਰਨ ਦੀਆਂ ਗੱਲਾਂ ਕਰਕੇ ਠੰਢਾ ਛਿੜਕਿਆ ਜਾ ਰਿਹਾ ਹੈ। 1972 ਦੀ ਗੱਲ ਹੈ ਜਦੋਂ ਨਗਰ ਪਾਲਿਕਾ ਦੇ ਪ੍ਰਧਾਨ ਸ੍ਰੀ ਵਾਸ ਦੇਵ ਗੁਪਤਾ ਨੇ ਇਹਨਾਂ ਬੁੱਤਾਂ ਨੂੰ ਸਥਾਪਿਤ ਕੀਤਾ ਸੀ। ਵਿਦਵਾਨ ਲੇਖਕ ਸੁਧੀਰ ਵਿਦਿਆਰਥੀ ਨੇ ਬਹੁਤ ਹੀ ਬੇਬਾਕੀ ਨਾਲ ਕਿਹਾ ਕਿ ਭਾਰਤੀ ਜਨਤਾ ਪਾਰਟੀ ਦਾ ਬੀਤੇ ਨੌ ਸਾਲਾਂ ਤੋਂ ਚੁਣਿਆ ਜਾਂਦਾ ਵਿਧਾਇਕ ਤੇ ਅੱਜ ਕੱਲ੍ਹ ਵਿੱਤ ਮੰਤਰੀ ਸੁਰੇਸ਼ ਖੰਨਾ ਦੇ ਹੁਕਮਾਂ ਬਿਨਾਂ ਇਸ ਖੇਤਰ ਅੰਦਰ ਪੱਤਾ ਵੀ ਨਹੀਂ ਹਿੱਲ ਸਕਦਾ। ਉਹਨਾਂ ਸਪਸ਼ਟ ਕਿਹਾ ਕਿ ਇਹ ਕੋਈ ਅਚਨਚੇਤ ਜਾਂ ਕਿਸੇ ਤਕਨੀਕੀ ਕਿਸਮ ਦੀ ਗਲਤੀ ਕਾਰਨ ਨਹੀਂ ਵਾਪਰਿਆ ਇਹ ਭਾਜਪਾ ਦੇ ਉਸ ਏਜੰਡੇ ਦਾ ਹਿੱਸਾ ਹੈ ਜਿਸ ਵਿੱਚ ਉਹ ਇਨਕਲਾਬੀ ਇਤਿਹਾਸ, ਯਾਦਗਾਰਾਂ, ਸਾਹਿਤ, ਮਿਊਜ਼ੀਅਮ ਅਤੇ ਹੋਰ ਉਹ ਨਿਸ਼ਾਨੀਆ ਜਿਹੜੀਆਂ ਵੀ ਸਾਮ-ਰਾਜਵਾਦ ਦੇ ਖ਼ਿਲਾਫ਼ ਕੌਮੀ ਆਜ਼ਾਦੀ ਦੀ ਤਵਾਰੀਖ਼ ਦੀ ਗਵਾਹੀ ਭਰਦੀਆਂ ਹਨ ਅਤੇ ਸਾਡੇ ਸਮਿਆਂ ਅੰਦਰ ਲੋਕਾਂ ਨੂੰ ਦੇਸ਼ ਭਗਤੀ ਦੀ ਭਾਵਨਾ ਦੇ ਰੰਗ ਵਿਚ ਰੰਗਦੀਆਂ ਹਨ ਉਹਨਾਂ ਨੂੰ ਮਿਟਾਉਣ ਲਈ ਹਰ ਹਰਬਾ ਵਰਤਿਆ ਜਾ ਰਿਹਾ ਹੈ। ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਕੁਲਵੰਤ ਸਿੰਘ ਸੰਧੂ, ਜਨਰਲ ਸਕੱਤਰ ਗੁਰਮੀਤ ਸਿੰਘ ਅਤੇ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਕਮੇਟੀ ਤਰਫ਼ੋਂ ਇਲਜ਼ਾਮ ਲਾਇਆ ਹੈ ਕਿ ਜਿਉਂ ਜਿਉਂ ਸਾਮਰਾਜੀ ਤਾਕਤਾਂ, ਉਹਨਾਂ ਦੀਆਂ ਬਹੁ ਕੌਮੀ ਕੰਪਨੀਆਂ ਅਤੇ ਦੇਸੀ ਅਜਾਰੇਦਾਰ ਕੰਪਨੀਆਂ ਦਾ ਗਲਬਾ ਵਧਦਾ ਜਾ ਰਿਹਾ ਹੈ ਤਿਉਂ ਤਿਉਂ ਹਾਕਮਾਂ ਨੂੰ ਇਹ ਭੈਅ ਖਾਂਦਾ ਹੈ ਕਿ ਸਾਮਰਾਜੀ ਕੰਪਨੀਆਂ ਅਤੇ ਉਹਨਾਂ ਦੀ ਸੇਵਾ 'ਚ ਭੁਗਤ ਰਹੇ ਭਾਰਤੀ ਹਾਕਮਾਂ ਦੇ ਖ਼ਿਲਾਫ਼ ਮੁਲਕ ਅੰਦਰ ਪੈਦਾ ਹੋਣ ਜਾ ਰਹੇ ਜਨਤਕ ਵਿਦਰੋਹ, ਆਜ਼ਾਦੀ ਸੰਗਰਾਮ ਦੀ ਇਨਕਲਾਬੀ ਤਵਾਰੀਖ਼ ਤੋਂ ਪ੍ਰੇਰਨਾ ਲੈ ਕੇ ਲੋਕ ਸੰਗਰਾਮ ਦੇ ਪਿੜ ਮਘਾਉਣ ਲਈ ਅੱਗੇ ਆਉਣ ਵਾਲੇ ਤੂਫ਼ਾਨਾਂ ਨੂੰ ਡੱਕਣ ਲਈ ਸ਼ਹੀਦਾਂ ਦੇ ਬੁੱਤ ਤੋੜਨ ਵਰਗੇ ਬੇਸ਼ਰਮੀ ਭਰੇ ਕਦਮ ਚੁੱਕੇ ਜਾ ਰਹੇ ਹਨ। ਕਮੇਟੀ ਨੇ ਇਹ ਵੀ ਦੱਸਿਆ ਹੈ ਕਿ ਇਉਂ ਹੀ ਜਲ੍ਹਿਆਂਵਾਲਾ ਬਾਗ ਦੇ ਵਿੱਚ ਪਈਆਂ ਇਤਿਹਾਸਿਕ ਵਸਤਾਂ, ਲਿਖਤਾਂ, ਗੋਲੀਆਂ ਦੇ ਨਿਸ਼ਾਨ, ਲੋਕ ਨਾਇਕਾਂ ਦੀਆਂ ਨਿਸ਼ਾਨੀਆਂ ਮਿਟਾਉਣ ਲਈ ਯਤਨ ਕੀਤਾ ਜਾ ਰਿਹਾ ਹੈ। ਕਮੇਟੀ ਨੇ ਇਸ ਵਰਤਾਰੇ ਦੇ ਖ਼ਿਲਾਫ਼ ਉਠ ਖੜੇ ਹੋਣ ਲਈ ਸਭਨਾ ਇਨਕਲਾਬੀ ਜਮਹੂਰੀ ਲੋਕ ਪੱਖੀ ਸ਼ਕਤੀਆਂ ਨੂੰ ਇਕਜੁੱਟ ਹੋ ਕੇ ਆਵਾਜ਼ ਬੁਲੰਦ ਕਰਨ ਦਾ ਸੱਦਾ ਦਿੱਤਾ ਹੈ। ਕਮੇਟੀ ਨੇ ਸਮੂਹ ਜੱਥੇਬੰਦੀਆਂ ਅਤੇ ਪਰਿਵਾਰਾਂ ਨੂੰ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿਖੇ 27 ਮਾਰਚ ਨੂੰ ਸਵੇਰੇ 11 ਵਜੇ ਮਨਾਏ ਜਾ ਰਹੇ ਵਿਸ਼ਵ ਰੰਗਮੰਚ ਦਿਹਾੜੇ ਮੌਕੇ ਪੁੱਜ ਕੇ ਕਾਕੋਰੀ ਕਾਂਡ ਦੇ ਸ਼ਹੀਦਾਂ ਦੇ ਬੁੱਤਾਂ ਨੂੰ ਤੋੜੇ ਜਾਣ ਖ਼ਿਲਾਫ਼ ਆਵਾਜ਼ ਉਠਾਉਣ ਲਈ ਸਿਰ ਜੋੜਨ ਦਾ ਸੱਦਾ ਦਿੱਤਾ ਹੈ।

# ਧੰਨ-ਧੰਨ ਅਲਮਸਤ ਬੀਬੀ ਗੇਲੋ ਸਰਕਾਰ ਜੀ ਦਾ ਸਲਾਨਾ ਮੇਲਾ 26 ਮਾਰਚ ਨੂੰ ਪਿੰਡ ਢੇਸੀਆਂ ਕਾਹਨਾਂ ਵਿਖੇ ਕਰਾਇਆ ਜਾਵੇਗਾ

## ਇਸ ਮੌਕੇ ਚੋਟੀ ਦੇ ਗਾਇਕ ਕਲਾਕਾਰ ਆਪਣੀ ਹਾਜਰੀ ਲਗਵਾਉਣਗੇ

**ਬੰਗਾ ਮਾਰਚ(ਚਰਨਜੀਤ ਸੱਲ੍ਹਾਂ)**:-ਧੰਨ-ਧੰਨ ਅਲਮਸਤ ਬੀਬੀ ਗੇਲੋ ਸਰਕਾਰ ਜੀ ਦਾ ਸਲਾਨਾ ਮੇਲਾ 26 ਮਾਰਚ ਦਿਨ ਵੀਰਵਾਰ ਨੂੰ ਪਿੰਡ ਢੇਸੀਆਂ ਕਾਹਨਾਂ ਜਿਲ੍ਹਾ ਜਲੰਧਰ ਵਿਖੇ ਬਹੁਤ ਹੀ ਸ਼ਰਧਾ ਪੂਰਵਕ ਕਰਾਇਆ ਜਾਵੇਗਾ। ਗੀਤਕਾਰ ਸਿੰਦਾ ਢੇਸੀਆਂ ਵਾਲਾ ਦੁਆਰਾ ਮੇਲੇ ਸਬੰਧੀ ਪ੍ਰੈਸ ਨਾਲ ਜਾਣਕਾਰੀ ਸਾਂਝਾ ਕਰਦਿਆਂ ਦੱਸਿਆ ਹੈ ਕਿ 24 ਮਾਰਚ ਮਹਿੰਦੀ ਦੀ ਰਸਮ 25 ਮਾਰਚ ਦਿਨ ਬੁੱਧਵਾਰ ਨੂੰ ਚਿਰਾਗ਼, ਝੰਡੇ ਅਤੇ ਚਾਦਰ ਦੀਆਂ ਰਸਮਾਂ ਨਿਭਾਈਆਂ ਜਾਣਗੀਆਂ ਅਤੇ ਲੰਗਰ ਵਰਤਾਇਆ ਜਾਵੇਗਾ। 26 ਮਾਰਚ ਦਿਨ ਵੀਰਵਾਰ ਨੂੰ ਸਵੇਰੇ ਦਸ ਵਜੇ ਕਲਾਕਾਰਾਂ ਦੀ ਸਟੇਜ ਸ਼ੁਰੂ ਕੀਤੀ ਜਾਵੇਗੀ । ਜਿਸ ਵਿੱਚ ਗਾਇਕ ਲੱਕੀ ਖਾਨ, ਹੈਰੀ ਖਾਨ, ਕੇ ਐਸ਼ ਮਹਿੰਮੀ ਅਤੇ ਬੀਬਾ ਸੋਨੀਆ ਮਹਿੰਮੀ ਅਤੇ ਗਾਇਕ ਵਿਲੀਅਮ ਸਰੋਆ ਅਤੇ ਅਜੇ ਨਕਾਲ ਪਾਰਟੀ ਆਪਣਾ ਪ੍ਰੋਗਰਾਮ ਪੇਸ਼ ਕਰੇਗੀ। ਮੁੱਖ ਮਹਿਮਾਨ ਸ੍ਰੀ ਚਰਨਜੀਤ




ਚੰਨੀ ਜੀ ਐਮ ਪੀ (ਸਾਬਕਾ ਮੁੱਖ ਮੰਤਰੀ) ਅਤੇ ਸੀ੍ਮਤੀ ਭਲਵਿੰਦਰ ਕੌਰ ਜੀ ਜਿਲਾ ਪ੍ਰੀਸਦ ਮੈਬਰ ਰੀਬਨ ਕੱਟ ਕੇ ਸਟੇਜ ਦੀ ਸ਼ੁਰੂਆਤ ਕਰਾਉਣ ਗੇ। ਮੇਲੇ ਦੌਰਾਨ ਵੱਖ-ਵੱਖ ਡੇਰਿਆਂ ਤੋਂ ਮਹਾਪੁਰਸ਼ ਸਾਈਂ ਸੋਮ ਨਾਥ ਸਿੱਧੂ ਜੀ (ਕੁੱਲੇ ਵਾਲੀ ਸਰਕਾਰ) ਸਾਈਂ ਬਲਦੇਵ ਸ਼ਾਹ ਜੀ ਕਾਦਰੀ (ਇੰਦਣੇ ਵਾਲੀ ਸਰਕਾਰ) ਅਤੇ ਸਾਈਂ ਜਸਵੀਰ ਸਾਹ ਜੀ ਪਾਸਲੇ ਵਾਲੀ ਸਰਕਾਰ ਆਪਣੀ ਹਾਜਰੀ ਲਗਾਉਣ ਗੇ। ਮੇਲੇ ਦੌਰਾਨ ਚਾਹ ਪਕੌੜਿਆਂ ਦਾ ਲੰਗਰ ਅਤੇ ਮਸਤਾ ਦਾ ਭੰਡਾਰਾ ਅਟੁੱਟ ਵਰਤਾਇਆ ਜਾਵੇਗਾ। ਸੱਤ ਪਾਲ ਪ੍ਰਧਾਨ, ਸੋਹਣ ਲਾਲ ,ਯੋਗ ਰਾਜ, ਸਿੰਦਾ ਢੇਸੀਆਂ, ਹਰਮੇਸ ਲਾਲ, ਲੋਕ ਰਾਜ, ਬਾਬਾ ਰੇਸਮ ਲਾਲ, ਜੱਸੀ ਮਹੇ, ਕਮਲ ਵਲੈਤੀਆ, ਕੁਲਵਿੰਦਰ ਕੁਮਾਰ ਕਲੇਰ, ਕੁਲਦੀਪ ਕੁਮਾਰ (ਬਾਬਾ ਦੀਪਾ) ਗੋਰਾ ਢੇਸੀ, ਸੋਨੀ ਲਾਲ ਦੁਆਰਾ ਨਿਮਰਤਾ ਸਹਿਤ ਬੇਨਤੀ ਹੈ ਕਿ ਮੇਲੇ ਵਿੱਚ ਪਹੁੰਚ ਕੇ ਮੇਲੇ ਦੀ ਰੌਣਕ ਵਧਾਓ ਅਤੇ ਦਰਬਾਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

# ਕਣਕ ਦੇ ਨਾੜ ਨੂੰ ਅੱਗ ਲਗਾਉਣ ਤੋਂ ਰੋਕਣ ਲਈ ਜਾਗਰੂਕ ਕਰੇਗੀ ਖੇਤੀਬਾੜੀ ਵਿਭਾਗ ਦੀ ਪ੍ਰਚਾਰ ਵੈਨ

## ਡਿਪਟੀ ਕਮਿਸ਼ਨਰ ਨੇ ਹਰੀ ਝੰਡੀ ਦੇ ਕੇ ਕੀਤਾ ਰਵਾਨਾ



**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ ਅੱਜ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਤੋਂ ਕਣਕ ਦੀ ਕਟਾਈ ਤੋਂ ਬਾਅਦ ਉਸਦੀ ਨਾੜ ਨੂੰ ਅੱਗ ਨਾ ਲਗਾਉਣ ਸਬੰਧੀ ਕਿਸਾਨਾਂ ਨੂੰ ਜਾਗਰੂਕ ਕਰਨ ਦੇ ਲਈ ਪ੍ਰਚਾਰ ਵੈਨਾਂ ਨੂੰ ਹਰੀ ਝੰਡੀ ਦੇ ਕੇ ਰਵਾਨਾ ਕੀਤਾ। ਡਿਪਟੀ ਕਮਿਸ਼ਨਰ ਨੇ ਕਿਹਾ ਕਿ ਇਹ ਪ੍ਰਚਾਰ ਵੈਨ ਅੱਜ ਤੋਂ ਲੈ ਕੇ ਅਗਲੇ 40 ਦਿਨਾਂ ਤੱਕ ਜ਼ਿਲ੍ਹੇ ਦੇ ਵੱਖ-ਵੱਖ ਪਿੰਡਾਂ ਵਿਚ ਜਾ ਕੇ ਕਿਸਾਨਾਂ ਨੂੰ ਕਣਕ ਦੇ ਨਾੜ ਨੂੰ ਅੱਗ ਨਾ ਲਗਾਉਣ ਸਬੰਧੀ ਪ੍ਰੇਰਿਤ ਕਰੇਗੀ। ਉਨ੍ਹਾਂ ਕਿਸਾਨਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਕਣਕ ਦੀ ਕਟਾਈ ਤੋਂ ਬਾਅਦ ਉਸਦੀ ਤੂੜੀ ਬਣਾਉਣ ਤੋਂ ਬਾਅਦ ਰਹਿੰਦੀ ਰਹਿੰਦ-ਖੂੰਹਦ ਨੂੰ ਖੇਤ ਵਿਚ ਹੀ ਰੋਟਾਵੇਟਰ, ਉਲਟਾਵੇਂ ਹਲ ਆਦਿ ਖੇਤੀਬਾੜੀ ਉਪਕਰਣਾਂ ਦੀ ਸਹਾਇਤਾ ਨਾਲ ਮਿੱਟੀ ਵਿਚ ਮਿਲਾਇਆ ਜਾਵੇ। ਇਸ ਨਾਲ ਜ਼ਮੀਨ ਦੀ ਉਪਜਾਊ ਸ਼ਕਤੀ ਵਧੇਗੀ ਅਤੇ ਵਾਤਾਵਰਣ ਪ੍ਰਦੂਸ਼ਣ ਨੂੰ ਵੀ ਰੋਕਿਆ ਜਾ ਸਕੇਗਾ। ਡਿਪਟੀ ਕਮਿਸ਼ਨਰ ਨੇ ਕਿਹਾ ਕਿ ਕਣਕ ਦੀ ਰਹਿੰਦ-ਖੂੰਹਦ ਨੂੰ ਅੱਗ ਲਗਾਉਣ ਵਾਲੇ ਕਿਸਾਨਾਂ ਦੇ ਖ਼ਿਲਾਫ਼ ਏਅਰ ਕੁਆਲਿਟੀ ਮੈਨੇਜਮੈਂਟ ਕਮਿਸ਼ਨ (ਸੀਏਕਿਊਐਮ) ਦੀਆਂ ਹਦਾਇਤਾਂ ਅਨੁਸਾਰ ਸਖ਼ਤ ਕਾਰਵਾਈ ਕੀਤੀ ਜਾਵੇਗੀ।

# ਮੂੰਹ ਦੀ ਸਿਹਤ ਨੂੰ ਨਜ਼ਰਅੰਦਾਜ਼ ਕਰਨਾ ਗੰਭੀਰ ਬਿਮਾਰੀਆਂ ਦਾ ਕਾਰਨ ਬਣ ਸਕਦਾ ਹੈ : ਡਾ. ਜਸਵਿੰਦਰ ਸਿੰਘ

## ਵਿਸ਼ਵ ਓਰਲ ਹੈਲਥ ਦਿਵਸ ਮੌਕੇ ਬੰਗਾ ਵਿੱਚ ਜਾਗਰੂਕਤਾ ਪ੍ਰੋਗਰਾਮ ਆਯੋਜਿਤ

**ਨਵਾਂਸ਼ਹਿਰ, 25 ਮਾਰਚ (ਮਨੋਰੰਜਨ ਕਾਲੀਆ ::** ਮਾਣਯੋਗ ਸਿਵਲ ਸਰਜਨ ਡਾ ਗੁਰਿੰਦਰਜੀਤ ਸਿੰਘ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਜ਼ਿਲ੍ਹਾ ਡੈਂਟਲ ਹੈਲਥ ਅਫਸਰ ਡਾ. ਰਾਜ ਕੁਮਾਰੀ ਦੀ ਦੇਖ-ਰੇਖ ਹੇਠ, ਸੀਨੀਅਰ ਮੈਡੀਕਲ ਅਫਸਰ ਡਾ. ਜਸਵਿੰਦਰ ਸਿੰਘ ਦੀ ਅਗਵਾਈ ਵਿੱਚ ਕਮਿਊਨਿਟੀ ਹੈਲਥ ਸੈਂਟਰ, ਬੰਗਾ ਵਿਖੇ ਵਿਸ਼ਵ ਓਰਲ ਹੈਲਥ ਦਿਵਸ ਸਬੰਧੀ ਜਾਗਰੂਕਤਾ ਪ੍ਰੋਗਰਾਮ ਆਯੋਜਿਤ ਕੀਤਾ ਗਿਆ। ਪ੍ਰੋਗਰਾਮ ਦੌਰਾਨ ਸੰਬੋਧਨ ਕਰਦੇ ਹੋਏ ਕਮਿਊਨਿਟੀ ਹੈਲਥ ਸੈਂਟਰ, ਬੰਗਾ ਦੇ ਸੀਨੀਅਰ ਮੈਡੀਕਲ ਅਫਸਰ ਡਾ. ਜਸਵਿੰਦਰ ਸਿੰਘ ਨੇ ਕਿਹਾ ਕਿ ਮੂੰਹ ਦੀ ਸਿਹਤ ਸਰੀਰ ਦੀ ਕੁੱਲ ਸਿਹਤ ਨਾਲ ਸਿੱਧਾ ਸੰਬੰਧ ਰੱਖਦੀ ਹੈ। ਉਨ੍ਹਾਂ ਦੱਸਿਆ ਕਿ ਮੂੰਹ ਦੀ ਸਫਾਈ ਦੀ ਕਮੀ



ਕਾਰਨ ਦੰਦਾਂ ਦੀ ਸੜਨ, ਮਸੂੜਿਆਂ ਦੀ ਬਿਮਾਰੀ ਅਤੇ ਹੋਰ ਗੰਭੀਰ ਸਿਹਤ ਸਮੱਸਿਆਵਾਂ ਪੈਦਾ ਹੋ ਸਕਦੀਆਂ ਹਨ। ਇਸ ਲਈ ਲੋਕਾਂ ਨੂੰ ਚਾਹੀਦਾ ਹੈ ਕਿ ਉਹ ਮੂੰਹ ਦੀ ਸਫਾਈ ਨੂੰ ਆਪਣੀ ਰੋਜ਼ਾਨਾ ਦੀ ਜੀਵਨ ਸ਼ੈਲੀ ਦਾ ਹਿੱਸਾ ਬਣਾਉਣ। ਇਸ ਮੌਕੇ ਮੈਡੀਕਲ ਅਫਸਰ (ਡੈਂਟਲ) ਡਾ. ਨਿਸ਼ਾ ਵੱਲੋਂ ਹਾਜ਼ਰ ਮਰੀਜ਼ਾਂ ਅਤੇ ਆਮ ਲੋਕਾਂ ਨੂੰ ਦੰਦਾਂ ਦੀ ਸੰਭਾਲ ਸਬੰਧੀ ਵਿਸਥਾਰ ਨਾਲ ਜਾਣਕਾਰੀ ਦਿੱਤੀ ਗਈ। ਉਨ੍ਹਾਂ ਵੱਲੋਂ ਦੰਦਾਂ ਦੀ ਸਹੀ ਸਫਾਈ ਲਈ ਬਰਸ਼ ਕਰਨ ਦੇ ਢੰਗ ਦੀ ਲਾਈਵ ਡੈਮੋਨਸਟ੍ਰੇਸ਼ਨ ਕੀਤੀ ਗਈ, ਜਿਸ ਨਾਲ ਮੌਜੂਦ ਲੋਕਾਂ ਨੂੰ ਸਹੀ ਤਰੀਕੇ ਨਾਲ ਦੰਦ ਸਾਫ ਕਰਨ ਦੀ ਪ੍ਰਕਿਰਿਆ ਬਾਰੇ ਸਮਝ ਮਿਲੀ। ਉਨ੍ਹਾਂ ਨੇ ਦੱਸਿਆ ਕਿ ਦਿਨ ਵਿੱਚ ਘੱਟੋ-ਘੱਟ ਦੋ ਵਾਰ ਦੰਦ ਸਾਫ ਕਰਨਾ, ਜ਼ਿਆਦਾ ਮਿੱਠੀਆਂ ਚੀਜ਼ਾਂ ਤੋਂ ਪਰਹੇਜ਼ ਕਰਨਾ ਅਤੇ ਸਮੇਂ-ਸਮੇਂ 'ਤੇ ਡੈਂਟਲ ਜਾਂਚ ਕਰਵਾਉਣਾ ਬਹੁਤ ਜ਼ਰੂਰੀ ਹੈ। ਉਨ੍ਹਾਂ ਇਹ ਵੀ ਜ਼ੋਰ ਦਿੱਤਾ ਕਿ ਮੂੰਹ ਦੀ ਸਹੀ ਸਫਾਈ ਨਾਲ ਕਈ ਬਿਮਾਰੀਆਂ ਤੋਂ ਬਚਾਅ ਕੀਤਾ ਜਾ ਸਕਦਾ ਹੈ ਅਤੇ ਜੀਵਨ ਦੀ ਗੁਣਵੱਤਾ ਵਿੱਚ ਸੁਧਾਰ ਆਉਂਦਾ ਹੈ। ਇਸ ਦੌਰਾਨ ਹੋਰ ਸਟਾਫ ਮੈਂਬਰ ਵੀ ਮੌਜੂਦ ਰਹੇ।

# 31 ਮਾਰਚ ਨੂੰ ਭਗਵਾਨ ਮਹਾਂਵੀਰ ਜੈਯੰਤੀ ਦੇ ਮੌਕੇ 'ਤੇ ਜ਼ਿਲ੍ਹੇ ਵਿੱਚ ਮੀਟ ਦੀਆਂ ਦੁਕਾਨਾਂ ਅਤੇ ਬੁੱਚੜਖਾਨੇ ਬੰਦ ਰੱਖਣ ਦੇ ਹੁਕਮ

**ਨਵਾਂਸ਼ਹਿਰ, (ਮਨੋਰੰਜਨ ਕਾਲੀਆ)** ਜ਼ਿਲ੍ਹਾ ਮੈਜਿਸਟਰੇਟ ਗੁਲਪ੍ਰੀਤ ਸਿੰਘ ਔਲਖ ਨੇ ਭਾਰਤੀ ਨਾਗਰਿਕ ਸੁਰਕਸ਼ਾ ਸੰਹਿਤਾ 2023 ਦੀ ਧਾਰਾ 163 ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਮਿਤੀ 31 ਮਾਰਚ 2026 ਨੂੰ ਭਗਵਾਨ ਮਹਾਂਵੀਰ ਜੈਯੰਤੀ ਦੇ ਤਿਉਹਾਰ ਦੇ ਮੌਕੇ 'ਤੇ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੀ ਹਦੂਦ ਅੰਦਰ ਮੀਟ ਦੀਆਂ ਦੁਕਾਨਾਂ ਅਤੇ ਬੁੱਚੜਖਾਨਾ ਬੰਦ ਰੱਖਣ ਦੇ ਹੁਕਮ ਜਾਰੀ ਕੀਤੇ ਹਨ। ਜ਼ਿਲ੍ਹਾ ਮੈਜਿਸਟਰੇਟ ਨੇ ਆਪਣੇ ਹੁਕਮ ਵਿੱਚ ਸਪੱਸ਼ਟ ਕੀਤਾ ਹੈ ਕਿ ਪੂਰੇ ਦੇਸ਼ ਵਿੱਚ ਜੈਨ ਸਮਾਜ ਵੱਲੋਂ 31 ਮਾਰਚ 2026 ਨੂੰ ਭਗਵਾਨ ਮਹਾਂਵੀਰ ਜੈਯੰਤੀ ਮਨਾਈ ਜਾ ਰਹੀ ਹੈ, ਇਹ ਦਿਨ ਸਾਰੇ ਦੇਸ਼ ਵਿਚ ਅਹਿੰਸਾ ਦਿਵਸ ਦੇ ਤੌਰ ਤੇ ਮਨਾਇਆ ਜਾਂਦਾ ਹੈ। ਇਸ ਲਈ ਜ਼ਿਲ੍ਹੇ ਵਿੱਚ ਮੀਟ ਦੀਆਂ ਦੁਕਾਨਾਂ ਅਤੇ ਸਲਾਟਰ ਹਾਊਸ ਬੰਦ ਕਰਨ ਦਾ ਹੁਕਮ ਜਾਰੀ ਕੀਤਾ ਗਿਆ ਹੈ।

# ਕਲਾ ਕਦੇ ਮਰਦੀ ਨਹੀਂ



ਮੈਂ ਮੀਂਹ ਵਿੱਚ ਕੱਚੇ ਘੜੇ
ਵਾਂਗਰਾਂ ਖੁਰ ਜਾਵਾਂਗਾ ।
ਜਾਂ ਗਿੱਲੇ ਹੋਏ ਬਿਸਕਿਟ
ਵਾਂਗੂੰ ਭੁਰ ਜਾਵਾਂਗਾ ।
ਮੇਰੇ ਗੀਤ ਫ਼ੇਰ ਵੀ ਮੇਰੇ
ਲੋਕਾਂ ਨੂੰ ਚੇਤੇ ਰਹਿਣੇ ;
ਮੈਂ ਇੱਕ ਦਿਨ ਜਦ ਇਸ
ਧਰਤੀ ਤੋਂ ਵੀ ਤੁਰ ਜਾਵਾਂਗਾ।

**ਮੂਲ ਚੰਦ ਸ਼ਰਮਾ ਪ੍ਰਧਾਨ ,**
**ਪੰਜਾਬੀ ਸਾਹਿਤ ਸਭਾ ਧੂਰੀ ਜ਼ਿਲ੍ਹਾ**
**ਸੰਗਰੂਰ : 9914836037**

---

## ਅਕਾਲ

ਕੁਦਰਤ ਦਾ ਰਚਿਆ ਅਲੌਕਿਕ ਵਰਤਾਰਾ
ਦਿੱਸੇ ਜਿਸ ਤੋਂ ਰੱਬੀ ਜੋਤ ਦਾ ਨਜ਼ਾਰਾ।
ਬੋਧਿਕਾਂ ਨੇ ਵੀ ਨਾ ਕੋਈ ਭੇਤ ਸੁਲਝਾਇਆ
ਕਿਵੇਂ ਚਿੱਟੇ ਤਾਰਿਆਂ ਅੰਬਰ ਮਹਿਕਾਇਆ॥
ਆਪੇ ਅਕਾਲ ਮਿਹਰ ਕਰ ਸ੍ਰਿਸ਼ਟੀ ਸਜਾਈ
ਬਨਸਪਤੀ, ਪੱਸ਼ੂ ਪੰਛੀ ਤੇ ਖ਼ਲਕਤ ਵਸਾਈ।
ਪੌਣ,ਪਾਣੀ ਅਤੇ ਭੋਇ ਦੀਨ ਨੂੰ ਬਖ਼ਸ਼ੀ ਦਾਤ
ਚੰਨ,ਸੂਰਜ,ਗ੍ਰਹਿ ਸਾਜ਼ ਉਪਜਿਆ ਦਿਨ ਤੇ ਰਾਤ॥
ਸੂਰਜ ਦੇ ਗੇੜ ਲਾਉਂਦੇ ਗ੍ਰਹਿ,ਚੰਨ ਤੇ ਚਮਕਦੇ ਤਾਰੇ
ਬ੍ਰਹਿਮੰਡ ਵਿੱਚ ਦਾਤੇ ਰੱਚੇ ਸੌਰ ਮੰਡਲ ਨਿਆਰੇ।
ਪੰਜ ਭੌਤਿਕ ਸਰੀਰਾਂ ਵਿੱਚ ਆਤਮਾ ਜੋਤ ਜਗਾਈ
ਖ਼ੁਦ ਹੀ ਗੁਣਾਂ ਅਤੇ ਵਿਕਾਰਾਂ ਦੀ ਖੇਡ ਸਜਾਈ॥
ਚਾਰ ਪਹਿਰਾ ਦਾ ਦਿਨ ਚਾਰ ਪਹਿਰਾ ਦੀ ਰਾਤ
ਨਾਮ ਜਪੁ ਕੇ ਪਵਿੱਤਰ ਬਣਾ ਜੀਵਨ ਦੀ ਸੌਗਾਤ।
ਅਰਦਾਸ ਕਰ ਕਿਰਤ ਨੂੰ ਪਾਕ ਸਾਫ਼ ਨੇਕ ਬਣਾਈ
ਆਪਣੇ ਹੱਕ ਵਿੱਚੋਂ ਹੀ ਲੋੜਵੰਦਾਂ ਨੂੰ ਵੰਡ ਛੱਕਾਈ॥



**ਡਾ. ਸੁਰਿੰਦਰਪਾਲ ਸਿੰਘ**
**ਸ੍ਰੀ ਅੰਮ੍ਰਿਤਸਰ ਸਾਹਿਬ।**

# ਕੁਦਰਤ ਨਾਲ਼ ਜੁੜ ਜਾਈਏ...

ਆਓ ! ਮਨ ਲਗਾ ਕੇ
ਕੁਝ ਪੌਦੇ ਲਗਾ ਲਈਏ ,
ਆਓ ! ਲਗਾਏ ਪੌਦਿਆਂ ਨੂੰ
ਬੱਚਿਆਂ ਵਾਂਗੂੰ ਪਾਲ਼ ਲਈਏ ,
ਆਓ ! ਸਭ ਕੁਝ ਭੁਲਾ ਕੇ
ਕੁਦਰਤ ਨਾਲ਼ ਜੁੜ ਜਾਈਏ ।
ਆਓ ! ਪੰਛੀਆਂ - ਪਰਿੰਦਿਆਂ ਤੇ ਜਾਨਵਰਾਂ ਲਈ
ਦਾਣਾ - ਪਾਣੀ ਭੋਜਨ ਪਾ ਦੇਈਏ ,
ਆਓ ! ਇਨ੍ਹਾਂ ਦੀ ਭੁੱਖ - ਪਿਆਸ ਮਿਟਾ ਦੇਈਏ ,
ਆਓ ! ਕੁਝ ਪਲ ਲਈ
ਅਦਭੁੱਤ ਨਿਆਰੀ ਕੁਦਰਤ ਨਾਲ਼ ਜੁੜ ਜਾਈਏ।
ਸਮਾਂ ਕੁਝ ਕੱਢ ਕੇ
ਚੰਨ - ਤਾਰਿਆਂ ਨੂੰ ਤੱਕੀਏ ,
ਬੂਟ - ਜੁਰਾਬਾਂ ਖੋਲ੍ਹ
ਪੈਰ ਧਰਤੀ 'ਤੇ ਰੱਖੀਏ ,
ਅਸਲ ਸੁੱਖ - ਸਕੂਨ ਵੱਲ ਮੁੜ ਜਾਈਏ
ਆਓ ! ਕੁਦਰਤ ਨਾਲ਼ ਜੁੜ ਜਾਈਏ ।
ਦਾਤਣ ਦੀ ਵਰਤੋਂ ਕਰਕੇ
ਖੂਹਾਂ ਤੋਂ ਪਾਣੀ ਭਰਕੇ
ਵਿਰਸੇ ਵੱਲ ਫਿਰ ਆ ਜਾਈਏ ,
ਸੱਥਾਂ ਵਿੱਚ ਪਾ ਕੇ ਸਾਝਾਂ
ਦਿਲ ਦੀਆਂ ਰਮਜ਼ਾਂ ਸੁਣਾ ਜਾਈਏ ,
ਆਓ ! ਕੁਦਰਤ ਵੱਲ ਆ ਜਾਈਏ ।
ਕਰਕੇ ਸਵੇਰ ਦੀ ਸੈਰ
ਭੁਲਾ ਕੇ ਮਨ - ਮੁਟਾਵ ਤੇ ਵੈਰ ,
ਤੰਦਰੁਸਤੀ ਤੇ ਭਾਈਚਾਰਕਤਾ ਵੱਲ ਆ ਜਾਈਏ ,
ਆਓ ! ਕੁਦਰਤ ਵੱਲ ਮੁੜ ਕੇ
ਕੁਦਰਤ ਨਾਲ਼ ਜੁੜ ਕੇ
ਕੁਦਰਤ ਨਾਲ਼ ਪਿਆਰ ਪਾ ਜਾਈਏ ।



**ਸਟੇਟ ਐਵਾਰਡੀ**
**ਮਾਸਟਰ ਸੰਜੀਵ ਧਰਮਾਣੀ**
**ਸ਼੍ਰੀ ਅਨੰਦਪੁਰ ਸਾਹਿਬ**
**9478561356**

# ਰਾਹ ਬੰਦ ਸੀ

ਦਿਲੀ ਚਾਅ ਸੀ
ਮੈਂ ਉਹਦੀਆਂ ਅੱਖਾਂ ਰਾਹੀਂ
ਉਹਦੇ ਦਿਲ ਵਿੱਚ ਪ੍ਰਵੇਸ਼ ਕਰਦਾ
ਉਸ ਦੀਆਂ ਭਾਵਨਾਵਾਂ ਦਾ ਹਿੱਸਾ ਬਣਦਾ
ਉਸ ਨੂੰ ਹਰ ਮੌਸਮ ਵਿੱਚ ਖ਼ੁਸ਼ੀ ਦਿੰਦਾ
ਉਸ ਦੀ ਆਤਮਾ ਦੀਆਂ ਕੰਧਾਂ ਨੂੰ
ਆਪਣੇ ਇਹਸਾਸ ਦੇ ਪ੍ਰੇਮ-ਰੰਗ ਨਾਲ ਰੰਙਦਾ
ਉਸ ਨੂੰ ਆਪਣੀ ਰੂਹ ਦਾ ਹਮਸਫ਼ਰ ਬਣਾਉਂਦਾ
ਪਰ ...
........
ਉਹਨੇ ਆਪਣੀਆਂ ਅੱਖਾਂ ਹੀ ਨਹੀਂ ਖੋਲ੍ਹੀਆਂ !
........
ਰਾਹ ਬੰਦ ਸੀ।



**ਸੁਰਜੀਤ ਸਿੰਘ ਭੁੱਲਰ**

# ਜਨਮ-ਦਿਨ ਮੁਬਾਰਕ



**ਗੋਰਾਂਗੀ ਸ਼ਰਮਾ**
ਪਿਤਾ : ਪ੍ਰਥਮ ਸ਼ੁਕਲਾ
ਮਾਤਾ : ਰੀਤਿਕਾ ਸ਼ਰਮਾ
ਵਾਸੀ: ਤੀੜਾ (ਮੁਹਾਲੀ)

# ਜੇਜੋਂ ਤੋਂ ਮਾਹਿਲਪੁਰ ਰੋਡ 'ਤੇ ਨੰਗਲ ਤੋਂ ਗੜ੍ਹਸ਼ੰਕਰ ਰੋਡ 'ਤੇ ਮਾਈਨਿੰਗ ਮਟੀਰੀਅਲ ਲਿਜਾਣ ਵਾਲੇ ਟਿੱਪਰ/ਟਰੱਕਾਂ ਦੀ ਆਵਾਜਾਈ ਸ਼ਾਮ 7 ਵਜੇ ਤੋਂ ਸਵੇਰੇ 7 ਵਜੇ ਤੱਕ ਰਹੇਗੀ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਜ਼ਿਲ੍ਹਾ ਮੈਜਿਸਟਰੇਟ ਆਸ਼ਿਕਾ ਜੈਨ ਨੇ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ, 2023 ਦੀ ਧਾਰਾ 163 ਅਧੀਨ ਪ੍ਰਾਪਤ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੁਕਮ ਜਾਰੀ ਕੀਤੇ ਹਨ ਕਿ ਜ਼ਿਲ੍ਹਾ ਹੁਸ਼ਿਆਰਪੁਰ ਵਿਚ ਪੈਂਦੇ ਪਿੰਡ ਜੇਜੋਂ ਤੋਂ ਮਾਹਿਲਪੁਰ ਰੋਡ ਅਤੇ ਨੰਗਲ ਤੋਂ ਗੜ੍ਹਸ਼ੰਕਰ ਰੋਡ 'ਤੇ ਮਾਈਨਿੰਗ ਮਟੀਰੀਅਲ ਲਿਜਾਣ ਵਾਲੇ ਟਿੱਪਰ/ਟਰੱਕਾਂ ਨੂੰ ਕੇਵਲ ਸ਼ਾਮ 7 ਵਜੇ ਤੋਂ ਸਵੇਰੇ 7 ਵਜੇ ਤੱਕ ਆਵਾਜਾਈ ਦੀ ਆਗਿਆ ਹੋਵੇਗੀ ਅਤੇ ਇਸ ਸਮੇਂ ਤੋਂ ਇਲਾਵਾ ਇਨ੍ਹਾਂ ਸੜਕਾਂ 'ਤੇ ਮਾਈਨਿੰਗ ਮਟੀਰੀਅਲ ਲਿਜਾਣ ਵਾਲੇ ਟਿੱਪਰ/ਟਰੱਕਾਂ ਦੀ ਆਵਾਜਾਈ 'ਤੇ ਰੋਕ ਰਹੇਗੀ। ਜ਼ਿਲ੍ਹਾ ਮੈਜਿਸਟਰੇਟ ਨੇ ਦੱਸਿਆ ਕਿ ਜ਼ਿਲਾ ਪ੍ਰਸ਼ਾਸਨ ਦੇ ਧਿਆਨ ਵਿਚ ਆਇਆ ਹੈ ਕਿ ਜ਼ਿਲ੍ਹਾ ਹੁਸ਼ਿਆਰਪੁਰ ਵਿੱਚ ਪੈਂਦੇ ਮਾਹਿਲਪੁਰ ਰੋਡ ਅਤੇ ਨੰਗਲ ਤੋਂ



ਗੜ੍ਹਸ਼ੰਕਰ ਰੋਡ 'ਤੇ ਮਾਈਨਿੰਗ ਮਟੀਰੀਅਲ ਲਿਜਾਣ ਵਾਲੇ ਟਿੱਪਰ/ਟਰੱਕਾਂ ਦੇ ਕਾਰਨ ਸੜਕਾਂ 'ਤੇ ਕਾਫੀ ਹਾਦਸੇ ਹੋ ਰਹੇ ਹਨ ਜਿਨ੍ਹਾਂ ਕਾਰਨ ਆਮ ਪਬਲਿਕ ਦਾ ਜਾਨੀ ਅਤੇ ਮਾਲੀ ਨੁਕਸਾਨ ਹੋ ਹੁੰਦਾ ਹੈ, ਲੋਕ ਹਿੱਤਾਂ ਨੂੰ ਮੁੱਖ ਰੱਖਦੇ ਹੋਏ ਇਨ੍ਹਾਂ ਸੜਕਾਂ 'ਤੇ ਮਾਈਨਿੰਗ ਮਟੀਰੀਅਲ ਲਿਜਾਣ ਵਾਲੇ ਟਿੱਪਰ/ਟਰੱਕਾਂ ਦੀ ਆਵਾਜਾਈ ਨੂੰ ਸਮਾਂਬੱਧ ਤਰੀਕੇ ਨਾਲ ਚਲਾਉਣੀ ਦੀ ਜ਼ਰੂਰਤ ਹੈ।ਉਨ੍ਹਾਂ ਕਿਹਾ ਕਿ ਉਪ ਪੁਲਿਸ ਕਪਤਾਨ, ਗੜ੍ਹਸ਼ੰਕਰ ਇਹ ਯਕੀਨੀ ਬਣਾਉਣਗੇ ਕਿ ਟ੍ਰੈਫਿਕ ਪੁਲਿਸ ਵਲੋਂ ਟਿੱਪਰ/ਟਰੱਕਾਂ ਦੀ ਓਵਰਸਪੀਡ ਚੈਕ ਕੀਤੀ ਗਈ ਹੈ। ਰੀਜਨਲ ਟਰਾਂਸਪੋਰਟ ਅਥਾਰਟੀ, ਹੁਸ਼ਿਆਰਪੁਰ ਇਨ੍ਹਾਂ ਹੁਕਮਾਂ ਸਨਮੁੱਖ ਓਵਰਲੋਡਿੰਗ ਅਤੇ ਹੋਰ ਨਿਯਮਾਂ ਦੀ ਉਲੰਘਣਾ ਸਬੰਧੀ ਚੈਕਿੰਗ ਅਤੇ ਲੋੜੀਂਦੀ ਕਾਰਵਾਈ ਯਕੀਨੀ ਬਣਾਉਣਗੇ। ਕਾਰਜਕਾਰੀ ਇੰਜੀਨੀਅਰ, ਡਰੇਨੇਜ-ਕਮ-ਜ਼ਿਲ੍ਹਾ ਮਾਈਨਿੰਗ ਅਫ਼ਸਰ, ਹੁਸ਼ਿਆਰਪੁਰ ਅੰਤਰ-ਰਾਜੀ ਚੈਕ ਪੋਸਟਾਂ 'ਤਚ 24ਯ7 ਨਿਗਰਾਨੀ ਯਕੀਨੀ ਬਣਾਉਣਗੇ ਅਤੇ ਇਸ ਦੇ ਨਾਲ ਹੀ ਚੈਕ ਪੋਸਟ 'ਤੇ ਭਾਰ ਤੋਲਣ ਵਾਲੇ ਕੰਡੇ ਦੀ ਵਰਤੋਂ ਕਰਕੇ ਓਵਰਲੋਡਿੰਡ ਟਿੱਪਰਾਂ ਦੀ ਚੈਕਿੰਗ ਅਤੇ ਇਨ੍ਹਾਂ 'ਤੇ ਬਣਦੀ ਕਾਰਵਾਈ ਅਮਲ ਵਿਚ ਲਿਆਉਣਗੇ। ਇਹ ਹੁਕਮ 20 ਮਈ 2026 ਤੱਕ ਲਾਗੂ ਰਹਿਣਗੇ।

# ਹਸਪਤਾਲ 'ਚ ਆਤੰਕੀ ਹਮਲੇ ਦੀ ਯੋਜਨਾ ਫੇਲ, ਮਰੀਜ਼ ਨੇ ਬਚਾਈਆਂ ਸੈਕੜੇ ਜਾਨਾਂ

- **ਹਿੰਮਤ ਅਤੇ ਸਿਆਣਪ ਨਾਲ ਟਲਿਆ ਬ੍ਰਿਟੇਨ ਦੇ ਹਸਪਤਾਲ 'ਚ ਵੱਡਾ ਹਾਦਸਾ**
- **ਬੰਬ ਹਮਲੇ ਤੋਂ ਪਹਿਲਾਂ ਹੀ ਦੋਸ਼ੀ ਕਾਬੂ, ਮਰੀਜ਼ ਦੀ ਬਹਾਦਰੀ ਦੀ ਚਰਚਾ**

**ਲੈਸਟਰ (ਇੰਗਲੈਂਡ), 25 ਮਾਰਚ (ਸੁਖਜਿੰਦਰ ਸਿੰਘ ਢੱਡੇ)-** ਇੰਗਲੈਂਡ ਦੇ ਲੀਡਜ਼ ਸ਼ਹਿਰ ਦੇ ਸੇਂਟ ਜੇਮਜ਼ ਹਸਪਤਾਲ ਵਿੱਚ ਇਕ ਵਿਅਕਤੀ ਦੀ ਹਿੰਮਤ, ਸਮਝਦਾਰੀ ਅਤੇ ਮਨੁੱਖਤਾ ਭਰੇ ਵਤੀਰੇ ਨਾਲ ਵੱਡਾ ਆਤੰਕੀ ਹਮਲਾ ਟਲ ਗਿਆ। ਜਾਣਕਾਰੀ ਅਨੁਸਾਰ ਮੋਹੰਮਦ ਫਾਰੂਕ ਨਾਮਕ ਵਿਅਕਤੀ ਨੇ ਹਸਪਤਾਲ ਦੇ ਮੈਟਰਨਿਟੀ ਵਿੰਗ ਨੂੰ ਨਿਸ਼ਾਨਾ ਬਣਾਉਂਦੇ ਹੋਏ ਬੰਬ ਧਮਾਕਾ ਕਰਨ ਦੀ ਯੋਜਨਾ ਬਣਾਈ ਹੋਈ ਸੀ, ਪਰ ਉਸੇ ਸਮੇਂ ਹਸਪਤਾਲ ਵਿੱਚ ਮੌਜੂਦ ਮਰੀਜ਼ ਨਾਥਨ ਨਿਊਬੀ ਨੇ ਉਸ ਨਾਲ ਗੱਲਬਾਤ ਕਰਕੇ ਉਸਨੂੰ ਹਮਲਾ ਕਰਨ ਤੋਂ ਰੋਕ ਲਿਆ। ਦੱਸਿਆ ਜਾਂਦਾ ਹੈ ਕਿ 35 ਸਾਲਾ ਨਾਥਨ ਨਿਊਬੀ ਉਸ ਸਮੇਂ ਹਸਪਤਾਲ ਵਿੱਚ ਮਰੀਜ਼ ਵਜੋਂ ਦਾਖ਼ਲ ਸੀ ਅਤੇ ਤਾਜ਼ਾ ਹਵਾ ਲਈ ਬਾਹਰ ਨਿਕਲਿਆ ਹੋਇਆ ਸੀ। ਉਸ ਨੇ ਇੱਕ ਵਿਅਕਤੀ ਨੂੰ ਸ਼ੱਕੀ ਹਾਲਤ ਵਿੱਚ ਖੜਾ ਦੇਖਿਆ ਜੋ ਆਪਣੇ ਬੈਗ ਵੱਲ ਵਾਰ-ਵਾਰ ਦੇਖ ਰਿਹਾ ਸੀ ਅਤੇ ਘਬਰਾਇਆ ਹੋਇਆ ਲੱਗ ਰਿਹਾ ਸੀ। ਨਿਊਬੀ ਨੇ ਮਨੁੱਖੀ ਹਮਦਰਦੀ ਦੇ ਤੌਰ 'ਤੇ ਉਸ ਕੋਲ ਜਾ ਕੇ ਪੁੱਛਿਆ ਕਿ ਉਹ ਠੀਕ ਹੈ ਜਾਂ ਨਹੀਂ। ਗੱਲਬਾਤ ਦੌਰਾਨ ਉਸ ਵਿਅਕਤੀ ਨੇ ਦੱਸਿਆ ਕਿ ਉਹ ਹਸਪਤਾਲ ਵਿੱਚ "ਬਦਲਾ" ਲੈਣ ਆਇਆ ਹੈ।

ਨਾਥਨ ਨਿਊਬੀ ਨੇ ਹੌਲੀ-ਹੌਲੀ ਗੱਲ ਕਰਦਿਆਂ ਉਸਨੂੰ ਪੁੱਛਿਆ ਕਿ ਉਸਦੇ ਬੈਗ ਵਿੱਚ ਕੀ ਹੈ। ਪਹਿਲਾਂ ਤਾਂ ਉਹ ਵਿਅਕਤੀ ਹਿਚਕਚਾਇਆ ਪਰ ਬਾਅਦ ਵਿੱਚ ਉਸ ਨੇ ਮੰਨ ਲਿਆ ਕਿ ਬੈਗ ਵਿੱਚ ਬੰਬ ਹੈ। ਨਿਊਬੀ ਨੇ ਬੇਹੱਦ ਹਿੰਮਤ ਨਾਲ ਉਸਨੂੰ ਬੈਗ ਵਿੱਚ ਪਿਆ ਉਪਕਰਣ ਦਿਖਾਉਣ ਲਈ ਕਿਹਾ ਅਤੇ ਇਹ ਯਕੀਨੀ ਬਣਾਇਆ ਕਿ ਇਹ ਇੱਕ ਖ਼ਤਰਨਾਕ ਧਮਾਕੇ ਵਾਲਾ ਯੰਤਰ ਹੈ। ਇਸ ਤੋਂ ਬਾਅਦ ਨਿਊਬੀ ਨੇ



**ਬੰਬ ਧਮਾਕੇ ਦੀ ਸਾਜ਼ਿਸ਼ ਨੂੰ ਨਾਕਾਮ ਕਰਨ ਵਾਲਾ ਬਹਾਦਰ ਮਰੀਜ਼ ਨਾਥਨ ਨਿਊਬੀ।**

ਸਿਆਣਪ ਨਾਲ ਉਸਨੂੰ ਮੈਟਰਨਿਟੀ ਵਾਰਡ ਤੋਂ ਦੂਰ ਲੈ ਜਾ ਕੇ ਹਸਪਤਾਲ ਦੇ ਬਾਹਰ ਇਕ ਬੈਂਚ 'ਤੇ ਬਿਠਾ ਲਿਆ ਅਤੇ ਉਸ ਨਾਲ ਲੰਬੀ ਗੱਲਬਾਤ ਕਰਨੀ ਸ਼ੁਰੂ ਕਰ ਦਿੱਤੀ। ਗੱਲਬਾਤ ਦੌਰਾਨ ਦੋਸ਼ੀ ਨੇ ਆਪਣੇ ਪਰਿਵਾਰ, ਬੱਚਿਆਂ ਅਤੇ ਆਪਣੀਆਂ ਮਾਨਸਿਕ ਸਮੱਸਿਆਵਾਂ ਬਾਰੇ ਵੀ ਗੱਲ ਕੀਤੀ। ਇਸ ਦੌਰਾਨ ਉਸ ਨੇ ਕਈ ਵਾਰ ਨਿਊਬੀ ਤੋਂ ਗਲੇ ਮਿਲਣ ਦੀ ਮੰਗ ਵੀ ਕੀਤੀ, ਜਿਸਨੂੰ ਨਿਊਬੀ ਨੇ ਮਨੁੱਖਤਾ ਦੇ ਨਾਤੇ ਸਵੀਕਾਰ ਕਰ ਲਿਆ ਤਾਂ ਜੋ ਉਹ ਸ਼ਾਂਤ ਰਹੇ।

ਕੁਝ ਸਮੇਂ ਬਾਅਦ ਦੋਸ਼ੀ ਨੇ ਖ਼ੁਦ ਹੀ ਨਿਊਬੀ ਨੂੰ ਕਿਹਾ ਕਿ ਉਹ ਪੁਲਿਸ ਨੂੰ ਫੋਨ ਕਰ ਦੇਵੇ, ਕਿਉਂਕਿ ਹੋ ਸਕਦਾ ਹੈ ਕਿ ਉਹ ਬਾਅਦ ਵਿੱਚ ਆਪਣਾ ਮਨ ਬਦਲ ਲਵੇ। ਨਿਊਬੀ ਨੇ ਤੁਰੰਤ ਪੁਲਿਸ ਨੂੰ ਸੂਚਿਤ ਕੀਤਾ ਅਤੇ ਕੁਝ ਸਮੇਂ ਵਿੱਚ ਹੀ ਹਥਿਆਰਬੰਦ ਪੁਲਿਸ ਮੌਕੇ 'ਤੇ ਪਹੁੰਚ ਗਈ। ਪੁਲਿਸ ਨੇ ਦੋਸ਼ੀ ਨੂੰ ਗ੍ਰਿਫ਼ਤਾਰ ਕਰਕੇ ਬੰਬ ਵੀ ਬਰਾਮਦ ਕਰ ਲਿਆ।

ਬਾਅਦ ਵਿੱਚ ਅਦਾਲਤ ਵਿੱਚ ਸੁਣਵਾਈ ਦੌਰਾਨ ਦੱਸਿਆ ਗਿਆ ਕਿ ਮੋਹੰਮਦ ਫਾਰੂਕ ਇੱਕ "ਆਪਣੇ ਆਪ ਰੈਡੀਕਲ ਬਣਿਆ ਇਕੱਲਾ ਆਤੰਕੀ"



**ਮੈਟਰਨਿਟੀ ਵਾਰਡ ਨੂੰ ਨਿਸ਼ਾਨਾ ਬਣਾਉਣ ਦੀ ਸਾਜ਼ਿਸ਼ ਕਰਨ ਵਾਲਾ ਦੋਸ਼ੀ ਮੋਹੰਮਦ ਫਾਰੂਕ, ਜਿਸਨੂੰ ਅਦਾਲਤ ਨੇ ਘੱਟੋ-ਘੱਟ 37 ਸਾਲ ਕੈਦ ਦੀ ਸਜ਼ਾ ਸੁਣਾਈ। ਤਸਵੀਰ:- ਸੁਖਜਿੰਦਰ ਸਿੰਘ ਢੱਡੇ**

ਸੀ ਜੋ ਇਸਲਾਮਿਕ ਸਟੇਟ ਤੋਂ ਪ੍ਰਭਾਵਿਤ ਹੋਇਆ ਸੀ। ਉਹ ਪਹਿਲਾਂ ਇਸੇ ਹਸਪਤਾਲ ਵਿੱਚ ਕਲੀਨੀਕਲ ਸਹਾਇਕ ਕਰਮਚਾਰੀ ਵਜੋਂ ਕੰਮ ਕਰਦਾ ਸੀ ਅਤੇ ਨਰਸਾਂ ਨਾਲ ਕਿਸੇ ਪੁਰਾਣੀ ਰੰਜਿਸ਼ ਕਰਕੇ ਉਸ ਨੇ ਹਸਪਤਾਲ ਨੂੰ ਨਿਸ਼ਾਨਾ ਬਣਾਇਆ ਸੀ।ਅਦਾਲਤ ਨੇ ਮਾਮਲੇ ਦੀ ਗੰਭੀਰਤਾ ਨੂੰ ਦੇਖਦੇ ਹੋਏ ਦੋਸ਼ੀ ਨੂੰ ਘੱਟੋ-ਘੱਟ 37 ਸਾਲ ਦੀ ਕੈਦ ਦੀ ਸਜ਼ਾ ਸੁਣਾਈ ਹੈ। ਜੱਜ ਨੇ ਆਪਣੇ ਫ਼ੈਸਲੇ ਵਿੱਚ ਕਿਹਾ ਕਿ ਨਾਥਨ ਨਿਊਬੀ ਇੱਕ ਆਮ ਇਨਸਾਨ ਹੋਣ ਦੇ ਬਾਵਜੂਦ ਅਸਧਾਰਣ ਹਿੰਮਤ ਅਤੇ ਮਨੁੱਖਤਾ ਦਾ ਪਰਚਾ ਦਿੱਤਾ ਹੈ ਅਤੇ ਉਸ ਦੀ ਸਿਆਣਪ ਨਾਲ ਇੱਕ ਵੱਡੀ ਤ੍ਰਾਸਦੀ ਤੋਂ ਬਚਾਵ ਹੋਇਆ ਹੈ। ਨਾਥਨ ਨਿਊਬੀ ਦੀ ਇਸ ਬਹਾਦਰੀ ਲਈ ਉਸਨੂੰ ਬ੍ਰਿਟੇਨ ਦਾ ਦੂਜਾ ਸਭ ਤੋਂ ਵੱਡਾ ਨਾਗਰਿਕ ਸਨਮਾਨ "ਜਾਰਜ ਮੈਡਲ" ਨਾਲ ਨਵਾਜਿਆ ਗਿਆ ਹੈ।

# ਵਾਤਾਵਰਨ ਜਾਗਰੂਕਤਾ ਰੈਲੀ ਕੱਢੀ ਗਈ

ਸਥਾਨਕ ਯੂਨੀਵਰਸਿਟੀ ਕਾਲਜ ਬਰਨਾਲਾ ਵੱਲੋਂ ਵਾਤਾਵਰਨ ਜਾਗਰੂਕਤਾ ਰੈਲੀ ਕੱਢੀ ਗਈ। ਕਾਲਜ ਦੇ ਪ੍ਰਿੰਸੀਪਲ/ ਇੰਚਾਰਜ ਡਾ. ਵਿਭਾ ਅਗਰਵਾਲ ਨੇ ਦੱਸਿਆ ਕਿ ਕਾਲਜ ਦੇ ਈਕੋ ਕਲੱਬ ,ਐੱਨ ਐੱਸ ਐੱਸ ਯੂਨਿਟ ਅਤੇ ਰੈੱਡ ਰੀਬਨ ਕਲੱਬ ਦੇ ਨੋਡਲ ਅਫ਼ਸਰ ਡਾ. ਰਾਮਪਾਲ ਸਿੰਘ ਦੀ ਅਗਵਾਈ ਵਿੱਚ ਵਾਤਾਵਰਨ ਜਾਗਰੂਕਤਾ ਰੈਲੀ ਕੱਢੀ ਗਈ। ਡਾ.ਵਿਭਾ ਅਗਰਵਾਲ ਨੇ ਹਰੀ ਝੰਡੀ ਦਿਖਾ ਕੇ ਰੈਲੀ ਨੂੰ ਕਾਲਜ ਵਿੱਚੋਂ ਰਵਾਨਾ ਕੀਤਾ। ਇਹ ਰੈਲੀ ਕਾਲਜ ਕੈਂਪਸ ਵਿੱਚੋਂ ਸ਼ੁਰੂ ਹੋ ਕੇ ਸੰਘੇੜਾ ਚੌਂਕ ਅਤੇ ਸੰਧੂ ਪੱਤੀ ਦੇ ਇਲਾਕੇ ਵਿੱਚ ਪਹੁੰਚੀ । ਵਿਦਿਆਰਥੀਆਂ ਨੇ ਵਾਤਾਵਰਨ ਸੰਭਾਲ਼ ਅਤੇ ਪਾਣੀ ਦੀ ਸੰਭਾਲ਼ ਪ੍ਰਤੀ ਬੈਨਰ ਦਿਖਾ ਕੇ ਅਤੇ ਨਾਹਰੇ ਲਗਾ ਕੇ ਲੋਕਾਂ ਨੂੰ ਜਾਗਰੂਕ ਕੀਤਾ ।ਇਸ ਰੈਲੀ ਵਿੱਚ ਕਾਲਜ ਦੇ 350 ਦੇ ਕਰੀਬ ਵਿਦਿਆਰਥੀ ਨੇ ਭਾਗ ਲਿਆ। ਵਿਦਿਆਰਥੀਆਂ ਦੇ ਨਾ਼ਲ-ਨਾ਼ਲ ਇਸ ਰੈਲੀ ਵਿਚ ਪ੍ਰੋ. ਲਵਪ੍ਰੀਤ ਸਿੰਘ, ਡਾ. ਹਰਵਿੰਦਰ ਸਿੰਘ, ਪ੍ਰੋ.







ਵਿਪਨ ਗੋਇਲ, ਪ੍ਰੋ ਹਰਪ੍ਰੀਤ ਸਿੰਘ, ਸ. ਜਸਵਿੰਦਰ ਸਿੰਘ(ਜੇ ਟੀ ਏ) ,ਪ੍ਰੋ.ਪ੍ਰੀਆ,ਪ੍ਰੋ. ਮਨਪ੍ਰੀਤ ਕੌਰ ਸਿੱਧੂ, ਪ੍ਰੋ. ਸ਼ਿਵਾਨੀ, ਪ੍ਰੋ. ਮਨਪ੍ਰੀਤ ਕੌਰ, ਪ੍ਰੋ. ਚਾਹਤ ਰਾਣੀ, ਪ੍ਰੋ.ਟੀਨਾ,ਡਾ.ਰਿਪੂਜੀਤ ਕੌਰ,ਪ੍ਰੋ.ਪੂਨਮ ਰਾਣੀ, ਨੇ ਵੀ ਭਾਗ ਲਿਆ।

# ਸਰਕਾਰੀ ਪ੍ਰਾਇਮਰੀ ਸਕੂਲ ਮੋਂਰੋਂ ਦੀ ਵਿਦਿਆਰਥਣ ਜੈਸਮੀਨ ਕੌਰ ਨੇ ਜਵਾਹਰ ਨਵੋਦਿਆ ਦਾ ਟੈਸਟ ਕੀਤਾ ਪਾਸ

**ਫਿਲੌਰ/ਅੱਪਰਾ, 25 ਮਾਰਚ (ਦੀਪਾ)**-ਕਰੀਬੀ ਪਿੰਡ ਮੋਂਰੋਂ ਵਿਖੇ ਸਥਿਤ ਸਰਕਾਰੀ ਪ੍ਰਾਇਮਰੀ ਸਕੂਲ ਦੀ ਵਿਦਿਆਰਥਣ ਜੈਸਮੀਨ ਕੌਰ ਪੁੱਤਰੀ ਮਦਨ ਲਾਲ ਨੂੰ ਜਵਾਹਰ ਨਵੋਦਿਆ ਦਾ ਟੈਸਟ ਪਾਸ ਕਰਨ 'ਤੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਸਕੂਲ ਸਟਾਫ਼, ਗ੍ਰਾਮ ਪੰਚਾਇਤ ਤੇ ਸਮੂਹ ਐੱਸ. ਐੱਮ. ਸੀ ਮੈਂਬਰਾਂ ਵਲੋਂ ਜੈਸਮੀਨ ਕੌਰ ਨੂੰ ਸਨਮਾਨਿਤ ਕੀਤਾ ਗਿਆ। ਇਸ ਮੌਕੇ ਸਕੂਲ ਇੰਚਾਰਜ ਜਸਵੰਤ ਕੁਮਾਰ, ਜਸਵੀਰ ਕੌਰ, ਜਗਜੀਵਨ ਰਾਮ,



ਸਰਬਜੀਤ ਕੌਰ, ਸੋਮ ਲਾਲ, ਸਰਪੰਚ ਹਰਦੀਪ ਸਿੰਘ, ਰਜਨੀ ਬਾਲਾ, ਰਣਜੀਤ ਕੌਰ, ਮਦਨ ਲਾਲ, ਗੁਰਜੀਤ ਕੌਰ, ਰਣਵੀਰ ਸਿੰਘ ਕੰਦੋਲਾ, ਡਾ. ਸਿਵ ਕੁਮਾਰ ਵੀ ਹਾਜ਼ਰ ਸਨ।

# ਟੀ.ਬੀ. ਦੀ ਬਿਮਾਰੀ ਇਲਾਜਯੋਗ, ਜਾਗਰੂਕਤਾ ਤੇ ਲੋਕਾਂ ਦੀ ਸਰਗਰਮ ਭਾਗੀਦਾਰੀ ਨਾਲ ਰੋਕਥਾਮ ਸੰਭਵ : ਡਾ ਸਤਵਿੰਦਰਪਾਲ ਸਿੰਘ

## ਜ਼ਿਲ੍ਹਾ ਹਸਪਤਾਲ, ਨਵਾਂਸ਼ਹਿਰ ਵਿਖੇ ਵਿਸ਼ਵ ਟੀ.ਬੀ. ਦਿਵਸ ਮਨਾਇਆ, ਜਾਗਰੂਕਤਾ ਵਧਾਉਣ ਲਈ ਰੈਲੀ ਆਯੋਜਿਤ

**ਨਵਾਂਸ਼ਹਿਰ, 25 ਮਾਰਚ (ਮਨੋਰੰਜਨ ਕਾਲੀਆ )** ਸਿਵਲ ਸਰਜਨ ਡਾ. ਗੁਰਿੰਦਰਜੀਤ ਸਿੰਘ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਸੀਨੀਅਰ ਮੈਡੀਕਲ ਅਫਸਰ ਡਾ. ਸਤਵਿੰਦਰਪਾਲ ਸਿੰਘ ਦੀ ਯੋਗ ਅਗਵਾਈ ਹੇਠ ਜ਼ਿਲ੍ਹਾ ਹਸਪਤਾਲ, ਨਵਾਂਸ਼ਹਿਰ ਵਿਖੇ ਬੁੱਧਵਾਰ ਨੂੰ ਵਿਸ਼ਵ ਤਪਦਿਕ (ਟੀ.ਬੀ.) ਦਿਵਸ ਮਨਾਇਆ ਗਿਆ। ਇਸ ਸਾਲ ਵਿਸ਼ਵ ਟੀ.ਬੀ. ਦਿਵਸ ਦਾ ਥੀਮ "ਹਾਂ! ਅਸੀਂ ਟੀਬੀ ਨੂੰ ਖਤਮ ਕਰ ਸਕਦੇ ਹਾਂ!" ਰੱਖਿਆ ਗਿਆ ਹੈ, ਜੋ ਸਮੂਹਿਕ ਯਤਨਾਂ ਰਾਹੀਂ ਟੀ.ਬੀ. ਦੇ ਖਾਤਮੇ ਦੀ ਪ੍ਰੇਰਣਾ ਦਿੰਦਾ ਹੈ। ਇਸ ਮੌਕੇ ਡਾ. ਸਤਵਿੰਦਰਪਾਲ ਸਿੰਘ ਨੇ ਸੰਬੋਧਨ ਕਰਦਿਆਂ ਦੱਸਿਆ ਕਿ ਟੀ.ਬੀ. ਇੱਕ ਸੰਕਰਾਮਕ ਬਿਮਾਰੀ ਹੈ ਜੋ ਮੁੱਖ ਤੌਰ 'ਤੇ ਫੇਫੜਿਆਂ ਨੂੰ ਪ੍ਰਭਾਵਿਤ ਕਰਦੀ ਹੈ, ਪਰ ਸਮੇਂ 'ਤੇ ਪਛਾਣ ਅਤੇ ਠੀਕ ਇਲਾਜ ਨਾਲ ਇਸ ਦਾ ਪੂਰੀ ਤਰ੍ਹਾਂ ਇਲਾਜ ਸੰਭਵ ਹੈ। ਉਨ੍ਹਾਂ ਦੱਸਿਆ ਕਿ ਸਰਕਾਰੀ ਸਿਹਤ ਸੰਸਥਾਵਾਂ ਵਿੱਚ ਟੀ.ਬੀ. ਦਾ ਇਲਾਜ ਮੁਫ਼ਤ ਉਪਲਬਧ ਹੈ ਅਤੇ ਮਰੀਜ਼ਾਂ ਨੂੰ ਨਿਯਮਿਤ ਅਤੇ ਪੂਰਾ



ਇਲਾਜ ਲੈਣਾ ਬਹੁਤ ਜ਼ਰੂਰੀ ਹੈ।ਉਨ੍ਹਾਂ ਆਮ ਲੋਕਾਂ ਨੂੰ ਅਪੀਲ ਕੀਤੀ ਕਿ ਜੇ ਕਿਸੇ ਵਿਅਕਤੀ ਨੂੰ ਲਗਾਤਾਰ ਖੰਘ, ਬੁਖਾਰ, ਵਜ਼ਨ ਘਟਣਾ ਜਾਂ ਰਾਤ ਸਮੇਂ ਪਸੀਨਾ ਆਉਣ ਵਰਗੇ ਲੱਛਣ ਨਜ਼ਰ ਆਉਣ, ਤਾਂ ਤੁਰੰਤ ਨੇੜਲੇ ਸਿਹਤ ਕੇਂਦਰ 'ਤੇ ਜਾਂਚ ਕਰਵਾਈ ਜਾਵੇ। ਉਨ੍ਹਾਂ ਕਿਹਾ ਕਿ ਜਾਗਰੂਕਤਾ ਅਤੇ ਸਮੇਂ ਸਿਰ ਇਲਾਜ ਨਾਲ ਟੀ.ਬੀ. ਨੂੰ ਸਮਾਜ ਤੋਂ ਖਤਮ ਕੀਤਾ ਜਾ ਸਕਦਾ ਹੈ। ਇਸ ਮੌਕੇ ਜ਼ਿਲ੍ਹਾ ਟੀ.ਬੀ. ਅਫਸਰ ਡਾ. ਕਿਸ਼ਨ ਰਾਏ ਨੇ ਇਸ ਬਿਮਾਰੀ ਸਬੰਧੀ ਸਮਾਜ ਵਿੱਚ ਫੈਲੀ ਦਹਿਸ਼ਤ ਨੂੰ ਖਤਮ ਕਰਨ ਦਾ ਸੱਦਾ ਦਿੱਤਾ ਅਤੇ ਸਾਰਿਆਂ ਨੂੰ ਟੀ.ਬੀ ਦੇ ਮਰੀਜ਼ ਨਾਲ ਕਿਸੇ ਵੀ ਤਰ੍ਹਾਂ ਦਾ ਵਿਤਕਰਾ ਨਾ ਕਰਨ ਦਾ ਸੱਦਾ ਦਿੱਤਾ। ਉਨ੍ਹਾਂ ਨੇ ਦੱਸਿਆ ਕਿ ਰਾਸ਼ਟਰੀ ਟੀਬੀ ਖਾਤਮਾ ਪ੍ਰੋਗਰਾਮ ਤਹਿਤ ਪੰਜਾਬ ਵਿੱਚੋਂ ਟੀ.ਬੀ ਨੂੰ ਜੜ੍ਹੋਂ ਖ਼ਤਮ ਕਰਨ ਲਈ ਹਰ ਤਰ੍ਹਾਂ ਦੇ ਯਤਨ ਕੀਤੇ ਜਾ ਰਹੇ ਹਨ। ਉਨ੍ਹਾਂ ਨੇ ਸਾਰਿਆਂ ਨੂੰ ਟੀ.ਬੀ ਦੇ ਖਾਤਮੇ ਲਈ ਕਿਸੇ ਵੀ ਪੱਧਰ 'ਤੇ ਯੋਗਦਾਨ ਪਾਉਣ ਦਾ ਅਹਿਦ ਲੈਣ ਦੀ ਅਪੀਲ ਕੀਤੀ। ਇਸ ਦੌਰਾਨ ਨਰਸਿੰਗ ਵਿਦਿਆਰਥਣਾਂ ਵੱਲੋਂ ਲੋਕਾਂ ਨੂੰ ਟੀ.ਬੀ. ਬਾਰੇ ਜਾਗਰੂਕ ਕਰਨ ਲਈ ਜਾਗਰੂਕਤਾ ਰੈਲੀ ਆਯੋਜਿਤ ਕਰਵਾਈ ਗਈ ਅਤੇ ਮਰੀਜ਼ਾਂ ਨੂੰ ਇਲਾਜ ਪੂਰਾ ਕਰਨ ਲਈ ਪ੍ਰੇਰਿਤ ਕੀਤਾ ਗਿਆ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸੀਨੀਅਰ ਫਾਰਮੇਸੀ ਅਫਸਰ ਪਰਮਵੀਰ ਪ੍ਰਿੰਸ, ਰੁਪਿੰਦਰ ਸਿੰਘ, ਵਿਕਾਸ ਅਗਰਵਾਲ, ਗੁਰਪ੍ਰੀਤ ਸਿੰਘ ਸਮੇਤ ਸਿਹਤ ਵਿਭਾਗ ਦੇ ਹੋਰ ਅਧਿਕਾਰੀ ਤੇ ਕਰਮਚਾਰੀ ਮੌਜੂਦ ਸਨ।

# ਗਗਨਦੀਪ ਸਿੰਘ ਰੰਧਾਵਾ ਖੁਦਕਸ਼ੀ ਮਾਮਲੇ ਦੀ ਨਿਰਪੱਖ ਜਾਂਚ, ਕਿਸੇ ਕੇਂਦਰੀ ਜਾਂਚ ਏਜੰਸੀ ਤੋਂ ਕਰਵਾਈ ਜਾਵੇ: ਕਰਨ ਸਿੰਘ ਰਾਣਾ

**ਨਵਾਂਸ਼ਹਿਰ 25 ਮਾਰਚ ( ਜਤਿੰਦਰ ਪਾਲ ਸਿੰਘ ਕਲੇਰ)** ਗਗਨਦੀਪ ਸਿੰਘ ਰੰਧਾਵਾ ਖੁਦਕਸ਼ੀ ਮਾਮਲਾ ਬੇਹੱਦ ਗੰਭੀਰ ਮਸਲਾ ਹੈ ਕਿਉਂਕਿ ਇਸ ਅਪਰਾਧ ਵਿੱਚ ਸ਼ਾਮਿਲ ਪੰਜਾਬ ਸਰਕਾਰ ਦਾ ਇੱਕ ਵਜ਼ੀਰ ਹੈ ਇਸ ਲਈ ਨਿਰਪੱਖ ਜਾਂਚ ਲਈ ਕੇਂਦਰੀ ਜਾਂਚ ਏਜੰਸੀ ਦਾ ਹੋਣਾ ਲਾਜ਼ਮੀ ਹੈ। ਵਿਚਾਰਾਂ ਦਾ ਪ੍ਰਗਟਾਵਾ ਸਾਥੀ ਕਰਨ ਸਿੰਘ ਰਾਣਾ ਜਨਰਲ ਸਕੱਤਰ ਸਾਂਝਾ ਕਿਸਾਨ ਮਜ਼ਦੂਰ ਮੋਰਚਾ ਸਬੰਧਤ ਭਾਈ ਲਾਲੋ ਲੋਕ ਮੰਚ ਪੰਜਾਬ ਨੇ ਅੱਜ ਇੱਥੇ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਕੀਤਾ। ਉਹਨਾਂ ਕਿਹਾ ਕਿ ਕੀਤੇ ਜੁਰਮ ਦਾ ਘੇਰਾ ਕਾਫੀ ਵਿਸ਼ਾਲ ਹੈ ਅਤੇ ਵੱਡੇ ਲੋਕਾਂ ਦੇ ਹਿੱਤ ਇਸ ਜੁਲਮ ਦੇ ਪਿੱਛੇ ਕੰਮ ਕਰ ਰਹੇ ਹਨ। ਪਰ ਪੰਜਾਬ



ਸਰਕਾਰ ਦਾ ਕੇਂਦਰੀ ਜਾਂਚ ਏਜੰਸੀ ਤੋਂ ਪੜਤਾਲ ਕਰਨ ਤੋਂ ਪੱਲਾ ਝਾੜਨਾ ਪੀੜਤ ਪਰਿਵਾਰ ਦੇ ਸ਼ੱਕ ਨੂੰ ਮਜਬੂਤ ਕਰਦਾ ਹੈ। ਸਾਥੀ ਰਾਣਾ ਨੇ ਕਿਹਾ ਕਿ ਇਸ ਦਿਲ ਕੰਬਾਊ ਮਾਮਲੇ ਤੇ ਫੋਕੀ ਰਾਜਨੀਤੀ ਕਰਨਾ ਸ਼ੋਭਾ ਨਹੀਂ ਦਿੰਦਾ। ਇਸ ਕੇਸ ਵਿੱਚ ਕਥਤ ਦੋਸ਼ੀਆਂ ਦੀ ਗ੍ਰਿਫਤਾਰੀ ਹੋਣੀ ਹੀ ਸੀ ਅਤੇ ਮੰਤਰੀ ਦਾ ਅਸਤੀਫਾ ਵੀ ਹੋਣਾ ਲਾਜ਼ਮੀ ਸੀ, ਪਰ ਕੁਝ ਰਾਜਨੀਤਿਕ ਧਿਰਾਂ ਇਸ ਦਾ ਸਿਹਰਾ ਲੈਣ ਦਾ ਯਤਨ ਕਰਦੀਆਂ ਹਨ ਜੋ ਠੀਕ ਨਹੀਂ ਹੈ। ਕੇਂਦਰੀ ਗ੍ਰਹਿ ਮੰਤਰੀ ਦਾ ਪੰਜਾਬ ਦੇ ਸੰਸਦ ਮੈਂਬਰਾਂ ਵੱਲੋਂ ਲਿਖਤੀ ਮੰਗ ਵੀ ਸਮਝ ਅਤੇ ਕਾਨੂੰਨ ਤੋਂ ਪਰੇ ਲੱਗਦੀ ਹੈ। ਕਿਉਂਕਿ ਨਿਯਮਾਂ ਅਤੇ ਕਾਨੂੰਨ ਮੁਤਾ-ਬਕ ਅਦਾਲਤਾਂ, ਸੂਬਾ ਸਰਕਾਰਾਂ ਅਤੇ ਕੇਂਦਰ ਸਰਕਾਰ ਕਿਸੇ ਵੀ ਜਾਂਚ ਨੂੰ ਕੇਂਦਰੀ ਏਜੰਸੀਆਂ ਨੂੰ ਦੇ ਸਕਦੀਆਂ ਹਨ ਤਾਂ ਕਿ ਨਿਰਪੱਖ ਪੜਤਾਲ ਹੋ ਸਕੇ। ਉਹਨਾਂ ਕਿਹਾ ਕਿ ਰਾਜਨੀਤਿਕ ਧਿਰਾਂ ਬੇਲੋੜੀ ਰਾਜਨੀਤੀ ਨਾ ਕਰਨ ਕਿਉਂਕਿ ਅਜਿਹਾ ਪਿਛਲੇ ਲੰਬੇ ਅਰਸੇ ਤੋਂ ਹੁੰਦਾ ਆ ਰਿਹਾ ਕਿ ਕਿ ਸੂਬਾ ਅਤੇ ਕੇਂਦਰ ਸਰਕਾਰਾਂ ਦਖਲ ਦੇ ਕੇ ਕਈ ਵੇਰ ਦੋਸ਼ੀਆਂ ਨੂੰ ਬਚਾਉਣ ਦਾ ਯਤਨ ਕਰਦੀਆਂ ਹਨ। ਉਹਨਾਂ ਮੰਗ ਕੀਤੀ ਕੇ ਰੰਧਾਵਾ ਖੁਦਕਸ਼ੀ ਮਾਮਲੇ ਦੀ ਪੜਤਾਲ ਕਿਸੇ ਕੇਂਦਰੀ ਜਾਂਚ ਏਜੰਸੀ ਤੋਂ ਕਰਵਾਈ ਜਾਵੇ ਤਾਂ ਕਿ ਦੁੱਧ ਦਾ ਦੁੱਧ ਅਤੇ ਪਾਣੀ ਹੋ ਸਕੇ।

# 29 ਮਾਰਚ ਨੂੰ ਆਰ.ਕੇ. ਆਰੀਆ ਕਾਲਜ ਵਿਖੇ ਲਗਾਇਆ ਜਾਵੇਗਾ ਕੈਂਪ: ਉੱਪ ਮੰਡਲ ਮੈਜਿਸਟਰੇਟ

- ਕੈਂਪ ਦੌਰਾਨ ਨੇਤਰਹੀਣ ਦਿਵਿਯਾਂਗ ਵਿਅਕਤੀਆਂ ਦੇ ਬਣਾਏ ਜਾਣਗੇ ਦਸਤਾਵੇਜ
- ਅਧਿਕਾਰੀਆਂ ਨੂੰ ਢੁੱਕਵੇਂ ਪ੍ਰਬੰਧ ਨਿਰਧਾਰਤ ਸਮੇਂ ਵਿੱਚ ਮੁਕੰਮਲ ਕਰਨ ਦੇ ਨਿਰਦੇਸ਼

**ਨਵਾਂਸ਼ਹਿਰ, 25 ਮਾਰਚ(ਜਤਿੰਦਰ ਪਾਲ ਸਿੰਘ ਕਲੇਰ )** ਨੇਤਰਹੀਣ ਦਿਵਿਯਾਂਗ ਵਿਅਕਤੀਆਂ ਦੇ ਦਸਤਾਵੇਜ ਬਣਾਉਣ ਲਈ ਆਰ.ਕੇ. ਆਰੀਆ ਕਾਲਜ ਰਾਹੋਂ ਰੋਡ ਨਵਾਂਸ਼ਹਿਰ ਵਿਖੇ 29 ਮਾਰਚ ਨੂੰ ਕੈਂਪ ਲਗਾਇਆ ਜਾਵੇਗਾ। ਇਹ ਜਾਣਕਾਰੀ ਉੱਪ ਮੰਡਲ ਮੈਜਿਸਟਰੇਟ ਅਨਮਜਯੋਤ ਕੌਰ ਨੇ ਕੈਂਪ ਦੇ ਅਗੇਤੇ ਪ੍ਰਬੰਧਾਂ ਲਈ ਜ਼ਿਲ੍ਹਾ ਅਧਿਕਾਰੀਆਂ ਦੀ ਮੀਟਿੰਗ ਨੂੰ ਸੰਬੋਧਨ ਕਰਦਿਆਂ ਦਿੱਤੀ। ਉੱਪ ਮੰਡਲ ਮੈਜਿਸਟਰੇਟ ਅਨਮਜਯੋਤ ਕੌਰ ਨੇ ਦੱਸਿਆ ਕਿ 29 ਮਾਰਚ ਨੂੰ ਆਰ.ਕੇ ਆਰੀਆ ਕਾਲਜ, ਰਾਹੋਂ ਰੋਡ, ਨਵਾਂਸ਼ਹਿਰ ਵਿਖੇ ਸਵੇਰੇ 09:30 ਵਜੇ ਤੋਂ 02:30 ਵਜੇ ਤੱਕ ਕੈਂਪ ਲਗਾਇਆ ਜਾਵੇਗਾ। ਉਨ੍ਹਾਂ ਮੀਟਿੰਗ ਵਿੱਚ ਹਾਜ਼ਰ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਉਹ ਕੈਂਪ ਦੇ ਸਾਰੇ ਪ੍ਰਬੰਧ ਸਮੇਂ ਸਿਰ ਕਰਨ ਨੂੰ ਯਕੀਨੀ ਬਣਾਉਣ। ਉਨ੍ਹਾਂ ਦੱਸਿਆ ਕਿ ਕੈਂਪ ਵਿੱਚ ਨੇਤਰਹੀਣ ਦਿਵਿਯਾਂਗ ਵਿਅਕਤੀਆਂ ਦੇ ਮੌਕੇ 'ਤੇ ਦਸਤਾਵੇਜ ਬਣਾਏ ਜਾਣਗੇ। ਉਨ੍ਹਾਂ ਦੱਸਿਆ ਕਿ ਕੈਂਪ ਵਿੱਚ ਸਿਹਤ ਵਿਭਾਗ, ਸੇਵਾ ਕੇਂਦਰ, ਜ਼ਿਲ੍ਹਾ ਸਮਾਜਿਕ ਸੁਰੱਖਿਆ, ਜ਼ਿਲ੍ਹਾ ਪ੍ਰੋਗਰਾਮ



ਅਫ਼ਸਰ, ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਵੱਲੋਂ ਦਿਵਿਯਾਂਗ ਵਿਅਕਤੀਆਂ ਲਈ ਚਲਾਈਆਂ ਜਾ ਰਹੀਆਂ ਸਕੀਮਾਂ ਦੇ ਸਟਾਲ ਲਗਾਏ ਜਾਣਗੇ ਅਤੇ ਮੌਕੇ 'ਤੇ ਲੋੜੀਂਦੇ ਦਸਤਾਵੇਜ਼ ਬਣਾਏ ਜਾਣਗੇ। ਉਨ੍ਹਾਂ ਅਧਿਕਾਰੀਆਂ ਨੂੰ ਢੁੱਕਵੇਂ ਪ੍ਰਬੰਧ ਨਿਰਧਾਰਤ ਸਮੇਂ ਵਿੱਚ ਮੁਕੰਮਲ ਕਰਨ ਦੀ ਹਦਾਇਤ ਕੀਤੀ। ਉਨ੍ਹਾਂ ਦਿਵਿਯਾਂਗ ਵਿਅਕਤੀਆਂ ਨੂੰ ਅਪੀਲ ਕੀਤੀ ਕਿ ਉਹ ਇਸ ਕੈਂਪ ਦਾ ਵੱਧ ਤੋਂ ਵੱਧ ਲਾਭ ਉਠਾਉਣ।

# ਜ਼ਿਲ੍ਹੇ ਅੰਦਰ ਹਰੇ ਅੰਬ, ਨਿੰਮ, ਪਿੱਪਲ ਅਤੇ ਬੋਹੜ ਦੇ ਰੁੱਖਾਂ ਦੀ ਕਟਾਈ ’ਤੇ ਪਾਬੰਦੀ

**ਨਵਾਂਸ਼ਹਿਰ, 25 ਮਾਰਚ (ਜਤਿੰਦਰ ਪਾਲ ਸਿੰਘ ਕਲੇਰ )** ਜ਼ਿਲ੍ਹਾ ਮੈਜਿਸਟਰੇਟ ਗੁਲਪ੍ਰੀਤ ਸਿੰਘ ਔਲਖ ਨੇ ਭਾਰਤੀ ਨਾਗਰਿਕ ਸੁਰਸਾ ਸੰਹਿਤਾ 2023 ਦੀ ਧਾਰਾ 163 ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੀ ਹਦੂਦ ਅੰਦਰ ਹਰੇ ਅੰਬ, ਨਿੰਮ, ਪਿੱਪਲ ਅਤੇ ਬੋਹੜ ਦੇ ਬਹੁਤ ਹੀ ਮਹੱਤਵਪੂਰਨ ਰੁੱਖਾਂ ਦੇ ਕੱਟਣ ’ਤੇ ਪੂਰਨ ਪਾਬੰਦੀ ਦੇ ਹੁਕਮ ਜਾਰੀ ਕੀਤੇ ਹਨ। ਜਾਰੀ ਹੁਕਮਾਂ ਵਿਚ ਕਿਹਾ ਗਿਆ ਹੈ ਕਿ ਜੇਕਰ ਉਕਤ ਰੁੱਖਾਂ ਨੂੰ ਵਿਸ਼ੇਸ਼ ਹਾਲਾਤ ਵਿਚ ਕੱਟਣਾ ਜ਼ਰੂਰੀ ਹੋਵੇ, ਤਾਂ ਜੰਗਲਾਤ ਵਿਭਾਗ ਦੀ ਪ੍ਰਵਾਨਗੀ ਨਾਲ ਹੀ ਕੱਟੇ ਜਾਣ। ਇਸ ਮੰਤਵ ਲਈ ਵਣ ਵਿਭਾਗ ਵੱਲੋਂ ਉਹੀ ਪ੍ਰਕਿਰਿਆ ਅਪਣਾਈ ਜਾਵੇਗੀ, ਜਿਹੜੀ ਕਿ ਪੰਜਾਬ ਭੂਮੀ ਸੁਰੱਖਿਆ ਐਕਟ 1900 ਦਫ਼ਾ-4 ਅਤੇ 5 ਅਧੀਨ ਬੰਦ ਰਕਬੇ ਵਿਚ ਪਰਮਿਟ ਦੇਣ ਲਈ ਅਪਣਾਈ ਜਾਂਦੀ ਹੈ। ਜੇਕਰ ਡੀਲਿਸਟ



ਏਰੀਏ ਤੋਂ ਇਲਾਵਾ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਵਿੱਚ ਕਿਸੇ ਵੀ ਜਗ੍ਹਾਂ ਤੇ ਹਰੇ ਅੰਬ, ਨਿੰਮ, ਪਿੱਪਲ ਅਤੇ ਬੋਹੜ ਦੇ ਦਰਖੱਤਾਂ ਨੂੰ ਕੱਟਣਾਂ ਜ਼ਰੂਰੀ ਹੋਵੇ ਤਾਂ ਉਸ ਦੀ ਪ੍ਰਵਾਨਗੀ ਡਿਪਟੀ ਕਮਿਸ਼ਨਰ, ਸ਼ਹੀਦ ਭਗਤ ਸਿੰਘ ਨਗਰ ਦੇ ਦਫ਼ਤਰ ਤੋਂ ਲੈਣ ਉਪਰੰਤ ਹੀ ਕੱਟੇ ਜਾਣ।

ਇਨ੍ਹਾਂ ਹੁਕਮਾਂ ਵਿਚ ਕਿਹਾ ਗਿਆ ਹੈ ਕਿ ਇਹ ਵੇਖਣ ਵਿਚ ਆਇਆ ਹੈ ਕਿ ਕੁਝ ਲੋਕਾਂ ਵੱਲੋਂ ਹਰੇ ਅੰਬ, ਨਿੰਮ, ਪਿੱਪਲ ਅਤੇ ਬੋਹੜ ਦੇ ਰੁੱਖਾਂ ਨੂੰ ਬਿਨਾਂ ਵਜ੍ਹਾ ਕੱਟਿਆ ਰਿਹਾ ਹੈ। ਇਹ ਦਰੱਖਤ ਪ੍ਰਾਚੀਨ ਸਮੇਂ ਤੋਂ ਹੀ ਧਾਰਮਿਕ ਮਹੱਤਤਾ ਰੱਖਦੇ ਹਨ ਅਤੇ ਇਨ੍ਹਾਂ ਦਾ ਵਾਤਾਵਰਨ ਨੂੰ ਪ੍ਰਦੂਸ਼ਣ ਤੋਂ ਬਚਾਉਣ ਵਿਚ ਵੱਡਾ ਯੋਗਦਾਨ ਹੈ। ਇਸ ਤੋਂ ਇਲਾਵਾ ਜੰਗਲੀ ਜੀਵਾਂ ਅਤੇ ਪੰਛੀਆਂ ਆਦਿ ਦਾ ਰੈਣ-ਬਸੇਰਾ ਵੀ ਆਮ ਤੌਰ ’ਤੇ ਇਨ੍ਹਾਂ ਵੱਡੇ ਦਰੱਖਤਾਂ ’ਤੇ ਹੁੰਦਾ ਹੈ। ਅਜਿਹੇ ਰੁੱਖਾਂ ਦੀ ਕਟਾਈ ਨਾਲ ਜਿਥੇ ਵਾਤਾਵਰਨ ਤੇ ਮਾੜਾ ਅਸਰ ਪੈਂਦਾ ਹੈ, ਉਥੇ ਪੰਛੀਆਂ ਦੇ ਰੈਣ-ਬਸੇਰੇ ’ਤੇ ਵੀ ਪ੍ਰਤੀਕੂਲ ਅਸਲ ਪੈਂਦਾ ਹੈ, ਜਿਸ ਕਰਕੇ ਪੰਛੀਆਂ ਦੀਆਂ ਕਈ ਪ੍ਰਜਾਤੀਆਂ ਲੁਪਤ ਹੋ ਰਹੀਆਂ ਹਨ। ਇਸ ਕਾਰਨ ਇਨ੍ਹਾਂ ਦੀ ਕਟਾਈ ’ਤੇ ਰੋਕ ਲਗਾਈ ਜਾਣੀ ਜ਼ਰੂਰੀ ਹੈ। ਇਹ ਹੁਕਮ 12ਮਈ 2026 ਤੱਕ ਲਾਗੂ ਰਹਿਣਗੇ।

## ਮੋਂਰੋਂ ਵਿਖੇ ਅੱਖਾਂ ਦਾ ਮੁਫਤ ਆਪ੍ਰੇਸ਼ਨ ਕੈਂਪ 29 ਮਾਰਚ ਨੂੰ

**ਫਿਲੌਰ/ਅੱਪਰਾ, 25 ਮਾਰਚ (ਦੀਪਾ)**-ਕਰੀਬੀ ਪਿੰਡ ਮੋਂਰੋਂ ਵਿਖੇ ਸਥਿਤ ਗੁਰੂਦੁਆਰਾ ਸ੍ਰੀ ਗੁਰੂ ਰਵਿਦਾਸ ਜੀ ਵਿਖੇ ਸ. ਬਲਦੇਵ ਸਿੰਘ ਰਾਏ ਵਲੋਂ ਆਪਣੇ ਮਾਤਾ ਪਿਤਾ ਸਰਦਾਰਨੀ ਰਾਓ ਕੌਰ ਰਾਏ ਤੇ ਸ. ਚਰਨ ਸਿੰਘ ਦੀ ਯਾਦ 'ਚ ਤੇ ਸ. ਨਿਰਮਲ ਸਿੰਘ ਰਾਏ ਵਲੋਂ ਆਪਣੇ ਮਾਤਾ ਪਿਤਾ ਸਰਦਾਰਨੀ ਚੰਨੋਂ ਰਾਏ ਤੇ ਸ. ਗੁਰਬਖਸ਼ ਸਿੰਘ ਰਾਏ ਦੀ ਯਾਦ 'ਚ ਅੱਖਾਂ ਦਾ ਮੁਫਤ ਆਪ੍ਰੇਸ਼ਨ ਕੈਂਪ ਮਿਤੀ 29 ਮਾਰਚ ਦਿਨ ਐਤਵਾਰ ਨੂੰ ਸਵੇਰੇ 9 ਵਜੇ ਤੋਂ ਲੈ ਕੇ ਦੁਪਿਹਰ 1 ਵਜੇ ਤੱਕ ਲਗਾਇਆ ਜਾ ਰਿਹਾ ਹੈ। ਇਸ ਮੌਕੇ ਡਾ. ਅਮਨਦੀਪ ਸਿੰਘ ਅਰੋੜਾ ਐੱਮ. ਐੱਸ, ਓ. ਪੀ. ਐੱਚ ਟੀ ਐੱਚ ਤੇ ਡਾ. ਚਰਨਜੀਤ ਸਿੰਘ ਐੱਮ. ਡੀ. ਓ. ਪੀ. ਐੱਚ. ਟੀ. ਐੱਚ ਵਲੋਂ ਮਰੀਜਾਂ ਦਾ ਚੈੱਕ ਅੱਪ ਕੀਤਾ ਜਾਵੇਗਾ ਤੇ ਮੁਫਤ ਆਪ੍ਰੇਸ਼ਨ ਕੀਤੇ ਜਾਣਗੇ। ਇਸ ਮੌਕੇ ਮਰੀਜ਼ਾਂ ਨੂੰ ਮੁਫਤ ਦਵਾਈਆਂ ਵੀ ਦਿੱਤੀਆਂ ਜਾਣਗੀਆਂ।

## ਕਾਂਗਰਸੀ ਆਗੂ ਸੋਮ ਦੱਤ ਸੋਮੀ ਨੂੰ ਸਦਮਾ, ਭਰਾ ਦਾ ਦੇਹਾਂਤ

**ਫਿਲੌਰ/ਅੱਪਰਾ, 25 ਮਾਰਚ (ਦੀਪਾ)**-ਕਸਬਾ ਅੱਪਰਾ ਤੋਂ ਉੱਘੇ ਕਾਂਗਰਸੀ ਆਗੂ ਤੇ ਕੋ-ਚੇਅਰਮੈਨ ਐੱਸ. ਸੀ ਡਿਪਾਰਟਮੈਂਟ ਜਿਲਾ ਜਲੰਧਰ ਕਾਂਗਰਸ (ਦਿਹਾਤੀ) ਨੂੰ ਉਸ ਸਮੇਂ ਗਹਿਰਾ ਸਦਮਾ ਲੱਗਾ, ਜਦੋਂ ਬੀਤੇ ਦਿਨ ਉਨਾਂ ਦੇ ਭਰਾ ਰਾਜ ਸਹੋਤਾ (ਗੌਰਵ ਫੋਟੋ ਸਟੇਟ ਫਿਲੌਰ) ਦੀ ਬੇਵਕਤੀ ਮੌਤ ਹੋ ਗਈ। ਉਨਾਂ ਦੀ ਬੇਵਕਤੀ ਮੌਤ 'ਤੇ ਇਲਾਕੇ ਦੀਆਂ ਵੱਖ ਵੱਖ ਰਾਜਨੀਤਿਕ ਪਾਰਟੀਆਂ, ਸਮਾਜ ਸੈਵੀ ਸੰਸਥਾਵਾਂ, ਇਲਾਕੇ ਭਰ ਦੇ ਸਰਪੰਚਾਂ, ਪੰਚਾਂ ਤੇ ਨੰਬਰਦਾਰਾਂ ਨੇ ਗਹਿਰੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਪ੍ਰਮਾਤਮਾ ਅੱਗੇ ਅਰਦਾਸ ਕੀਤੀ ਕਿ ਉਹ ਵਿਛੜੀ ਰੂਹ ਨੂੰ ਆਪਣੇ ਚਰਨਾਂ 'ਚ ਨਿਵਾਸ ਦੇਵੇ ਤੇ



ਪਿੱਛੋਂ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ੇ। ਰਾਜ ਸਹੋਤਾ ਨਮਿਤ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਦਾ ਭੋਗ 'ਤੇ ਅੰਤਿਮ ਅਰਦਾਸ ਮਿਤੀ 29 ਮਾਰਚ ਦਿਨ ਐਤਵਾਰ ਨੂੰ ਗੁਰੂਦੁਆਰਾ ਸ੍ਰੀ ਗੁਰੂ ਰਵਿਦ-ਾਸ ਜੀ ਮੁਹੱਲਾ ਟਿੱਬੇ ਵਾਲਾ ਮੰਡੀ ਰੋਡ ਅੱਪਰਾ ਵਿਖੇ ਸਵੇਰੇ 11 ਵਜੇ ਤੋਂ ਲੈ ਕੇ 1 ਵਜੇ ਤੱਕ ਹੋਵੇਗੀ।

## ਸਮਰਾੜੀ ਵਿਖੇ ਫਰੀ ਹੋਮੀਓਪੈਥੀ ਮੈਗਾ ਕੈਂਪ ਦੌਰਾਨ 800 ਮਰੀਜ਼ਾਂ ਦਾ ਚੈੱਕ-ਅੱਪ




**ਫਿਲੌਰ/ਅੱਪਰਾ, 25 ਮਾਰਚ (ਦੀਪਾ)**-ਕਰੀਬੀ ਪਿੰਡ ਸਮਰਾੜੀ ਵਿਖੇ ਸਥਿਤ ਗੁਰੂਦੁਆਰਾ ਬਾਬਾ ਭਾਰਾ ਜੀ ਵਿਖੇ ਪੰਜਾਬ ਸਰਕਾਰ ਦੇ ਆਯੂਸ਼ ਵਿਭਾਗ ਵਲੋਂ ਡਾ. ਹੈਨੀਮਨ ਦੇ 271ਵੇਂ ਜਨਮ ਦਿਨ ਮੌਕੇ ਫਰੀ ਹੋਮੀਓਪੈਥੀ ਮੈਗਾ ਕੈਂਪ ਦਾ ਆਯੋਜਨ ਕੀਤਾ ਗਿਆ। ਇਸ ਮੌਕੇ ਡਾ. ਅੰਕਿਤ ਮਹਿਤਾ, ਡਾ. ਕਮਲਜੀਤ ਕੌਰ, ਡਾ. ਸ਼ਮਾ ਸੁਮਨ ਤੇ ਡਾ. ਅਰਚਨਾ ਕੋਹਲੀ ਦੀ ਅਗਵਾਈ ਹੇਠ ਯੋਗ ਡਾਕਟਰਾਂ ਦੀ ਟੀਮ ਨੇ 800 ਮਰੀਜ਼ਾਂ ਦਾ ਮੁਫਤ ਚੈੱਕ ਅੱਪ ਕੀਤਾ ਤੇ ਫਰੀ ਦਵਾਈਆਂ ਦਿੱਤੀਆਂ। ਇਸ ਮੌਕੇ ਮੈਡੀਕਲ ਟੀਮ 'ਚ ਸ੍ਰੀਮਤੀ ਸੀਮਾ, ਜਨਕ ਰਾਜ (ਡਿਸਪੈਂਸਰ), ਮਨੀਸ਼ ਕੁਮਾਰ ਤੇ ਮਨਜੀਤ ਕੁਮਾਰ ਵੀ ਹਾਜ਼ਰ ਸਨ।

# ਗੁਰ ਅੰਮ੍ਰਿਤ ਕੌਰ ਨੇ ਜਿੱਤਿਆ “ਮਿਸ ਗ੍ਰੈਂਡ ਪੰਜਾਬ” ਦਾ ਖਿਤਾਬ

**ਚੰਡੀਗੜ੍ਹ/ਅੰਮ੍ਰਿਤਸਰ**
**ਗੁਰਭਿੰਦਰ ਗੁਰੀ**

ਗੁਰੂ ਨਗਰੀ ਦੀ ਧੀ ਗੁਰ ਅੰਮ੍ਰਿਤ ਕੌਰ ਰਾਏਪੁਰੀ ਨੇ “ਮਿਸ ਗ੍ਰੈਂਡ ਪੰਜਾਬ” ਦਾ ਖਿਤਾਬ ਜਿੱਤ ਕੇ ਨਾ ਸਿਰਫ ਆਪਣੇ ਪਰਿਵਾਰ ਦਾ ਸਿਰ ਉੱਚਾ ਕੀਤਾ ਹੈ, ਸਗੋਂ ਸਾਰੇ ਪੰਜਾਬ ਦਾ ਮਾਣ ਵਧਾਇਆ ਹੈ। ਇਹ ਖਿਤਾਬ ਉਨ੍ਹਾਂ ਨੂੰ ਇਕ ਭਵਿਆ ਕ੍ਰਾਉਨਿੰਗ ਸਮਾਰੋਹ ਦੌਰਾਨ ਪ੍ਰਦਾਨ ਕੀਤਾ ਗਿਆ।

ਇਸ ਮੁਕਾਬਲੇ ਵਿੱਚ ਪੰਜਾਬ ਭਰ ਤੋਂ ਆਈਆਂ ਕਈ ਪ੍ਰਤਿਭਾਸ਼ਾਲੀ ਪ੍ਰਤਿਯੋਗੀਆਂ ਵਿੱਚੋਂ ਗੁਰ ਅੰਮ੍ਰਿਤ ਕੌਰ ਨੇ ਆਪਣੇ ਆਤਮ-ਵਿਸ਼ਵਾਸ, ਸੁੰਦਰਤਾ ਅਤੇ ਬੁੱਧੀਮਾਨੀ ਨਾਲ ਜੱਜਾਂ ਨੂੰ ਪ੍ਰਭਾਵਿਤ ਕਰਦਿਆਂ ਇਹ ਤਾਜ ਆਪਣੇ ਨਾਮ ਕੀਤਾ। ਜਾਣਕਾਰੀ ਮੁਤਾਬਕ, ਗੁਰ ਅੰਮ੍ਰਿਤ ਕੌਰ ਕਾਫੀ ਸਮੇਂ ਤੋਂ ਮਾਡਲਿੰਗ ਅਤੇ ਬਿਊਟੀ ਪੇਜੈਂਟਸ ਨਾਲ ਜੁੜੀਆਂ ਹੋਈਆਂ ਹਨ ਅਤੇ ਕਈ ਖਿਤਾਬ ਪਹਿਲਾਂ ਵੀ ਆਪਣੇ ਨਾਮ ਕਰ ਚੁੱਕੀਆਂ ਹਨ। ਛੋਟੀ ਉਮਰ ਤੋਂ ਹੀ ਉਨ੍ਹਾਂ ਨੇ ਇਸ ਖੇਤਰ ਵਿੱਚ



ਆਪਣੀ ਪਛਾਣ ਬਣਾਉਣੀ ਸ਼ੁਰੂ ਕਰ ਦਿੱਤੀ ਸੀ। ਖ਼ਾਸ ਗੱਲ ਇਹ ਹੈ ਕਿ ਹੁਣ ਗੁਰ ਅੰਮ੍ਰਿਤ ਕੌਰ ਪੰਜਾਬ ਦੀ ਨੁਮਾਇੰਦਗੀ ਰਾਸ਼ਟਰੀ ਪੱਧਰ ‘ਤੇ “ਮਿਸ ਗ੍ਰੈਂਡ ਇੰਡੀਆ” ਮੁਕਾਬਲੇ ਵਿੱਚ ਕਰਨਗੀਆਂ, ਜਿਸ ਨਾਲ ਉਨ੍ਹਾਂ ਨੂੰ ਦੇਸ਼ ਪੱਧਰ ‘ਤੇ ਆਪਣੀ ਪ੍ਰਤਿਭਾ ਦਿਖਾਉਣ ਦਾ ਮੌਕਾ ਮਿਲੇਗਾ। ਇਸ ਜਿੱਤ ਨਾਲ ਗੁਰੂ ਨਗਰੀ ਵਿੱਚ ਖੁਸ਼ੀ ਦੀ ਲਹਿਰ ਦੌੜ ਪਈ ਹੈ। ਪਰਿਵਾਰਕ ਮੈਂਬਰਾਂ, ਦੋਸਤਾਂ ਅਤੇ ਸਥਾਨਕ ਵਸਨੀਕਾਂ ਵੱਲੋਂ ਉਨ੍ਹਾਂ ਨੂੰ ਵਧਾਈਆਂ ਦਿੱਤੀਆਂ ਜਾ ਰਹੀਆਂ ਹਨ।

ਗੁਰ ਅੰਮ੍ਰਿਤ ਕੌਰ ਦੀ ਇਹ ਉਪਲਬਧੀ ਪੰਜਾਬ ਦੀਆਂ ਨੌਜਵਾਨ ਕੁੜੀਆਂ ਲਈ ਪ੍ਰੇਰਣਾ ਹੈ ਕਿ ਜੇ ਮਨ ਵਿੱਚ ਹੌਸਲਾ ਹੋਵੇ ਤਾਂ ਹਰ ਮੰਜ਼ਿਲ ਹਾਸਲ ਕੀਤੀ ਜਾ ਸਕਦੀ ਹੈ।

# 'ਸਿਰਜਣਾ ਦੇ ਆਰ-ਪਾਰ' ਤਹਿਤ ਸੇਵਾ, ਸਮਰਪਣ ਭਰਪੂਰ ਡਾ. ਇੰਦਰਜੀਤ ਕੌਰ ਨਾਲ ਰੂ ਬਰੂ

**ਬਰੈਂਪਟਨ, 25 ਮਾਰਚ ( ਰਮਿੰਦਰ ਵਾਲੀਆ)** :- ਅੰਤਰਰਾਸ਼ਟਰੀ ਸਾਹਿਤਕ ਸਾਂਝਾਂ ਵੱਲੋਂ ਮਹੀਨਾਵਾਰ ਪ੍ਰੋਗਰਾਮ "ਸਿਰਜਨਾ ਦੇ ਆਰ ਪਾਰ" 23 ਮਾਰਚ ਦਿਨ ਸੋਮਵਾਰ ਨੂੰ ਬੜੇ ਉਤਸ਼ਾਹ ਨਾਲ ਇਹ ਪ੍ਰੋਗਰਾਮ ਫਾਊਂਡਰ , ਪ੍ਰਧਾਨ ਅਤੇ ਪ੍ਰਬੰਧਕ ਰਮਿੰਦਰ ਰੰਮੀ ਦੀ ਅਗਵਾਈ ਹੇਠ ਕਰਵਾਇਆ ਗਿਆ । ਇਸ ਪ੍ਰੋਗਰਾਮ ਵਿੱਚ ਦੇਸ਼ ਵਿਦੇਸ਼ ਤੋਂ ਬਹੁਤ ਨਾਮਵਰ ਅਦਬੀ ਸ਼ਖ਼ਸੀਅਤਾਂ ਨੇ ਸ਼ਿਰਕਤ ਕੀਤੀ । ਪ੍ਰੋਗਰਾਮ ਦੇ ਆਰੰਭ ਵਿੱਚ ਰਮਿੰਦਰ ਰੰਮੀ ਨੇ ਆਏ ਹੋਏ ਮੈਂਬਰਜ਼ ਨੂੰ ਰਸਮੀ ਜੀ ਆਇਆਂ ਕਹਿੰਦਿਆਂ ਅੰਤਰਰਾਸ਼ਟਰੀ ਸਾਹਿਤਕ ਸਾਂਝਾਂ ਵੱਲੋਂ ਹੋ ਰਹੇ ਪ੍ਰੋਗਰਾਮਾਂ ਦੇ ਬਾਰੇ ਵਿੱਚ ਜਾਣਕਾਰੀ ਸਾਂਝੀ ਕੀਤੀ । ਸੁਰਜੀਤ ਕੌਰ ਨੇ ਅੰਤਰਰਾਸ਼ਟਰੀ ਸਾਹਿਤਕ ਸਾਂਝਾਂ ਦੇ ਫਾਊਂਡਰ ਰਮਿੰਦਰ ਰਮੀ ਦੀ ਅਗਵਾਈ ਹੇਠ "ਸਿਰਜਣਾ ਦੇ ਆਰ-ਪਾਰ" ਪ੍ਰੋਗਰਾਮ ਤਹਿਤ ਪ੍ਰੋ. ਕੁਲਜੀਤ ਕੌਰ ਵੱਲੋਂ ਪਿੰਗਲਵਾੜਾ ਪਰਿਵਾਰ ਦੀ ਮੁਖੀ ਡਾ. ਇੰਦਰਜੀਤ ਕੌਰ ਨਾਲ ਵਿਸ਼ੇਸ਼ ਰੂਬਰੂ ਕਰਵਾਇਆ ਗਿਆ। ਇਹ ਉਹਨਾਂ ਦਾ ਪੰਜਾਹਵਾਂ ਰੂਬਰੂ ਸੀ, ਜੋ ਬਹੁਤ ਹੀ ਪ੍ਰਭਾਵਸ਼ਾਲੀ ਅਤੇ ਪ੍ਰੇਰਨਾਦਾਇਕ ਸਾਬਤ ਹੋਇਆ।

ਪ੍ਰੋਗਰਾਮ ਸ਼ੁਰੂ ਕਰਨ ਤੋਂ ਪਹਿਲਾਂ ਸੱਭ ਮੈਂਬਰਜ਼ ਵੱਲੋਂ ਰਮਿੰਦਰ ਵਾਲੀਆ ਨੂੰ ਉਹਨਾਂ ਦੇ ਜਨਮ ਦਿਨ ਤੇ ਮਿਲ ਰਹੇ ਸਨਮਾਨਾਂ ਦੀ ਵਧਾਈ ਦਿੱਤੀ ।

ਪੇਸ਼ੇ ਵਜੋਂ ਡਾਕਟਰ ਹੋਣ ਦੇ ਨਾਲ-ਨਾਲ ਡਾ. ਇੰਦਰਜੀਤ ਕੌਰ ਪਿੰਗਲਵਾੜੇ ਵਿੱਚ ਬੇਸਹਾਰਾ ਲੋਕਾਂ ਦੀ ਮੁੱਖ ਸੇਵਾਦਾਰ ਵਜੋਂ ਸੇਵਾ ਨਿਭਾ ਰਹੀਆਂ ਹਨ। ਉਹਨਾਂ ਨੇ ਆਪਣੀ ਜ਼ਿੰਦਗੀ ਦੇ ਅਨੁਭਵ ਸਾਂਝੇ ਕਰਦਿਆਂ ਦੱਸਿਆ ਕਿ ਸੇਵਾ ਦੀ ਪ੍ਰੇਰਨਾ ਉਹਨਾਂ ਨੂੰ ਘਰੇਲੂ ਮਾਹੌਲ ਤੋਂ ਮਿਲੀ। ਪਿਤਾ ਹਰਬੰਸ ਸਿੰਘ ਆਯੁਰਵੈਦਿਕ ਡਾਕਟਰ ਸਨ ਅਤੇ ਮਾਂ ਬੀਬੀ ਰਣਜੀਤ ਕੌਰ ਵੀ ਨੇਕਦਿਲ ਰੂਹ ਸਨ।ਨਿਮਰਤਾ ਅਤੇ ਨੀਵਿਆਂ ਨੂੰ ਉੱਚਾ ਚੁੱਕਣ ਦੀ ਸੋਚ ਨਾਲ ਉਹ ਸੇਵਾ ਦੇ ਰਾਹ 'ਤੇ ਤੁਰ ਰਹੇ ਹਨ। ਉਨ੍ਹਾਂ ਨੇ ਤਿੰਨ ਪੁਸਤਕਾਂ ਵੀ ਲਿਖੀਆਂ। ਉਹਨਾਂ ਨੇ ਦੱਸਿਆ ਕਿ ਪਿਤਾ ਜੀ ਦੀ ਮੌਤ ਤੋਂ ਬਾਅਦ ਉਹ ਭਗਤ ਪੂਰਨ ਸਿੰਘ ਨਾਲ ਜੁੜੀਆਂ। ਭਗਤ ਜੀ ਨੇ ਉਹਨਾਂ ਨੂੰ ਆਪਣੀ ਧੀ ਵਾਂਗ ਮੰਨਿਆ ਅਤੇ ਪਿੰਗਲਵਾੜੇ ਦੀ ਜ਼ਿੰਮੇਵਾਰੀ ਸੌਂਪੀ। ਉਹ ਅੱਜ ਵੀ ਭਗਤ ਪੂਰਨ ਸਿੰਘ ਦੇ ਆਦਰਸ਼ਾਂ 'ਤੇ ਚੱਲਦਿਆਂ ਸਬਰ ਅਤੇ ਸਿਦਕ ਨਾਲ ਸੇਵਾ ਕਰ ਰਹੀਆਂ ਹਨ। ਡਾ. ਇੰਦਰਜੀਤ ਕੌਰ ਨੇ ਦੱਸਿਆ ਕਿ ਪਿੰਗਲਵਾੜੇ ਦੇ ਮਿਸ਼ਨ ਲਈ ਉਹਨਾਂ ਨੇ ਸਰਕਾਰੀ ਨੌਕਰੀ ਛੱਡੀ ਅਤੇ ਆਪਣੀ ਜ਼ਿੰਦਗੀ ਸਮਾਜ ਸੇਵਾ ਅਤੇ ਪਰਿਵਾਰ ਦੋਵਾਂ ਲਈ ਸਮਰਪਿਤ ਕੀਤੀ। ਵਾਤਾਵਰਣ ਸੰਭਾਲ 'ਤੇ ਜ਼ੋਰ ਦਿੰਦਿਆਂ ਉਹਨਾਂ ਨੇ ਕਿਹਾ ਕਿ ਅੱਜ ਦੀ ਸਦੀ ਵਾਤਾਵਰਣ ਬਚਾਉਣ ਦੀ ਸਦੀ ਹੈ। ਉਹਨਾਂ ਨੇ ਪਲਾਸਟਿਕ ਦੀ ਥਾਂ ਕੱਪੜੇ ਦੀ ਵਰਤੋਂ, ਪਾਣੀ ਦੀ ਸੰਭਾਲ, ਦਰੱਖਤ ਲਗਾਉਣ ਅਤੇ ਪ੍ਰਦੂਸ਼ਣ




ਘਟਾਉਣ ਲਈ ਜਾਗਰੂਕਤਾ ਦੀ ਲੋੜ 'ਤੇ ਜ਼ੋਰ ਦਿੱਤਾ। "ਪਵਣ ਗੁਰੂ, ਪਾਣੀ ਪਿਤਾ" ਦੇ ਸਿਧਾਂਤ ਨੂੰ ਅਮਲ ਵਿੱਚ ਲਿਆਉਣ ਦੀ ਅਪੀਲ ਕੀਤੀ।

ਉਹਨਾਂ ਨੇ ਕਿਹਾ ਕਿ ਪਿੰਗਲਵਾੜਾ ਇੱਕ ਮਾਡਲ ਵਜੋਂ ਕੰਮ ਕਰ ਰਿਹਾ ਹੈ ਅਤੇ ਵਿਦੇਸ਼ਾਂ—ਕੈਨੇਡਾ, ਇੰਗਲੈਂਡ ਅਤੇ ਅਮਰੀਕਾ—ਤੋਂ ਵੀ ਸਹਿਯੋਗ ਮਿਲ ਰਿਹਾ ਹੈ। ਉਹਨਾਂ ਨੇ ਕਿਰਤੀਆਂ ਦੀ ਇੱਜ਼ਤ ਕਰਨ ਅਤੇ ਉਹਨਾਂ ਦੇ ਬਣਾਏ ਸਮਾਨ ਦੀ ਵਰਤੋਂ ਕਰਨ ਦੀ ਅਪੀਲ ਕੀਤੀ ਅਤੇ ਕਾਰ-ਪੋਰੇਟ ਸਿਸਟਮ ਦੇ ਨੁਕਸਾਨਾਂ ਵੱਲ ਵੀ ਧਿਆਨ ਦਿਵਾਇਆ। ਸਿਹਤ ਅਤੇ ਸਮਾਜਕ ਮੁੱਦਿਆਂ 'ਤੇ ਗੱਲ ਕਰਦਿਆਂ ਉਹਨਾਂ ਨੇ ਸਿੱਖਿਆ ਅਤੇ ਸਿਹਤ ਮਾਫ਼ੀਆ



'ਤੇ ਚਿੰਤਾ ਜਤਾਈ ਅਤੇ ਸਿਹਤਮੰਦ ਜੀਵਨ ਲਈ ਸਧਾਰਨ ਜੀਵਨ ਜੀਉਣ ਦੀ ਸਲਾਹ ਦਿੱਤੀ। ਉਹਨਾਂ ਨੇ ਨਸ਼ਿਆਂ ਅਤੇ ਕੋਲਡ ਡਰਿੰਕਸ ਤੋਂ ਦੂਰ ਰਹਿਣ ਅਤੇ ਸੱਭਿਆਚਾਰਕ ਪਰੰਪਰਾਵਾਂ ਨਾਲ ਜੁੜੇ ਰਹਿਣ ਦੀ ਅਪੀਲ ਕੀਤੀ। ਡਾ. ਕੁਲਜੀਤ ਕੌਰ ਵੱਲੋਂ ਡਾ. ਇੰਦਰਜੀਤ ਕੌਰ ਦੀ ਪਰਿਵਾਰਿਕ ਜ਼ਿੰਦਗੀ, ਪ੍ਰਾਪਤੀਆਂ ਅਤੇ ਪਦਮ ਭੂਸ਼ਣ ਵਰਗੇ ਸਨਮਾਨਾਂ ਬਾਰੇ ਵੀ ਜਾਣਕਾਰੀ ਸਾਂਝੀ ਕੀਤੀ ਗਈ। ਕੁਲਜੀਤ ਜੀ ਨੇ ਉਹਨਾਂ ਦੇ ਸਨਮਾਨਾਂ ਦੀ ਇੱਕ ਡਾਕੂਮੈਂਟਰੀ ਬਣਾ ਕੇ ਵੀ ਦਿਖਾਈ ਤੇ ਰਮਿੰਦਰ ਰੰਮੀ ਨੇ ਉਹਨਾਂ ਦੀ ਪੁਰਾਣੀ ਸਾਂਝ ਦੀਆਂ ਤਸਵੀਰਾਂ ਨੂੰ ਵੀ ਸ਼ੇਅਰ ਕੀਤਾ ਅਤੇ ਮਾਰਚ ਮਹੀਨੇ ਦੀ ਸਾਹਿਤਕ ਸਾਂਝਾਂ ਈ ਮੈਗਜ਼ੀਨ ਨੂੰ ਵੀ ਰੀਲੀਜ਼ ਕੀਤਾ ਗਿਆ ।

ਡਾ . ਇੰਦਰਜੀਤ ਕੌਰ ਨੇ ਦੱਸਿਆ ਕਿ ਪਿੰਗਲਵਾੜੇ ਵਿੱਚ ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ ਨੂੰ ਰੋਜ਼ਗਾਰ ਦੇ ਮੌਕੇ ਦਿੱਤੇ ਜਾ ਰਹੇ ਹਨ ਅਤੇ ਮਰੀਜ਼ਾਂ ਦੀ ਸੰਭਾਲ ਲਈ ਵਿਸ਼ੇਸ਼ ਉਪਰਾਲੇ ਕੀਤੇ ਜਾ ਰਹੇ ਹਨ।

ਇਸ ਮੌਕੇ ਮਲੂਕ ਸਿੰਘ ਕਾਹਲੋਂ, ਸਤਬੀਰ ਸਿੰਘ, ਰਾਜਬੀਰ ਗਰੇਵਾਲ, ਗੁਰਚਰਨ ਜੋਗੀ, ਪਰਮਜੀਤ ਢਿੱਲੋਂ, ਅਮਰਜੋਤੀ ਮਾਂਗਟ ਅਤੇ ਅੰਜੂ ਗਰੇਵਰ ਨੇ ਵੀ ਆਪਣੇ ਵਿਚਾਰ ਸਾਂਝੇ ਕੀਤੇ। ਚੇਅਰਮੈਨ ਪਿਆਰਾ ਸਿੰਘ ਕੁੱਦੋਵਾਲ ਨੇ ਪ੍ਰੋਗਰਾਮ ਨੂੰ ਸਮਅਪ ਕਰਦੇ ਹੋਏ ਪ੍ਰੋ. ਕੁਲਜੀਤ ਦੇ ਰੂਬਰੂ ਦੀ ਸ਼ਲਾਘਾ ਕੀਤੀ । ਉਹਨਾਂ ਨੇ ਡਾ . ਇੰਦਰਜੀਤ ਕੌਰ ਜੀ ਦੀ ਸੇਵਾ ਸਮਰਪਣ ਦੀ ਭਾਵਨਾ ਦੀ ਗੱਲ ਕੀਤੀ ਤੇ ਉਹਨਾਂ ਦੁਆਰਾ ਦੱਸੇ ਨੁਕਤਿਆਂ ਤੇ ਹਰੇਕ ਨੂੰ ਅਮਲ ਕਰਨ ਦੀ ਜ਼ਰੂਰਤ ਤੇ ਜ਼ੋਰ ਦਿੱਤਾ ਅਤੇ ਸਮੁੱਚੀ ਟੀਮ ਵੱਲੋਂ ਡਾ. ਇੰਦਰਜੀਤ ਕੌਰ ਜੀ ਨੂੰ ਸਤਿਕਾਰ ਭੇਟ ਕੀਤਾ।

ਇਹ ਰੂਬਰੂ ਪ੍ਰੋਗਰਾਮ ਮਨੁੱਖਤਾ ਅਤੇ ਸੇਵਾ ਦੇ ਸੱਚੇ ਮੁੱਲਾਂ ਨੂੰ ਉਜਾਗਰ ਕਰਨ ਵਾਲਾ ਵਿਲੱਖਣ ਅਤੇ ਯਾਦਗਾਰ ਅਨੁਭਵ ਸਾਬਤ ਹੋਇਆ।

ਦਰਸ਼ਕਾਂ ਨੂੰ ਸ. ਪਿਆਰਾ ਸਿੰਘ ਕੁੱਦੋਵਾਲ ਜੀ ਨੂੰ ਸੁਨਣਾ ਤੇ ਪ੍ਰੋਗਰਾਮ ਨੂੰ ਸਮਅੱਪ ਕਰਨ ਦਾ ਉਹਨਾਂ ਦੇ ਵਿਲੱਖਣ ਅੰਦਾਜ਼ ਨੂੰ ਬਹੁਤ ਪਸੰਦ ਕਰਦੇ ਹਨ ।

ਰਮਿੰਦਰ ਰੰਮੀ ਨੇ ਇਕ ਵਾਰ ਫਿਰ ਸੱਭ ਦਾ ਧੰਨਵਾਦ ਕਰਦਿਆਂ ਕਿਹਾ ਕਿ " ਤੁਸੀਂ ਘਰ ਅਸਾਡੇ ਆਏ ਅਸੀਂ ਫੁੱਲੇ ਨਹੀਂ ਸਮਾਏ "

ਧੰਨਵਾਦ ਸਹਿਤ । ਇਹ ਰਿਪੋਰਟ ਡਾ . ਪ੍ਰਸ਼ਵਿੰਦਰ ਕੌਰ ਖੋਖਰ ਜੀ ਨੇ ਰਮਿੰਦਰ ਵਾਲੀਆ ਨੂੰ ਸਾਂਝੀ ਕੀਤੀ ।

**ਰਮਿੰਦਰ ਰੰਮੀ ਫ਼ਾਊਂਡਰ , ਪ੍ਰਧਾਨ ਅਤੇ ਪ੍ਰਬੰਧਕ , ਅੰਤਰਰਾਸ਼ਟਰੀ ਸਾਹਿਤਕ ਸਾਂਝਾਂ ।**

# ਬਿਜਲੀ ਦੀ ਲਾਈਨ ਲੰਘਾਏ ਜਾਣ ਨੂੰ ਲੈ ਕੇ ਕੀਤੇ ਜਾ ਰਹੇ ਧੱਕੇ ਤੋਂ ਕਿਸਾਨ ਦੁਖੀ

**ਨਵਾਂਸ਼ਹਿਰ /ਕਾਠਗੜ੍ਹ, 24 ਮਾਰਚ (ਜਤਿੰਦਰ ਪਾਲ ਸਿੰਘ ਕਲੇਰ )** ਪਿੰਡ ਬਨਾਂ ਦੇ ਕਿਸਾਨ ਦੇ ਖੇਤ ਵਿੱਚੋਂ ਕੱਢੀ ਜਾ ਰਹੀ ਬਿਜਲੀ ਸਪਲਾਈ ਦੀ ਲਾਈਨ ਨੂੰ ਲੈ ਕੇ ਕਿਸਾਨ ਡਾਢਾ ਪ੍ਰੇਸ਼ਾਨ ਕਿਸਾਨ ਨੇ ਆਪਣੇ ਖੇਤ ਵਿੱਚੋਂ ਬਿਜਲੀ ਦੀਆਂ ਤਾਰਾਂ ਨਾ ਲੰਘਾਉਣ ਬਿਜਲੀ ਵਿਭਾਗ ਨੂੰ ਗੁਹਾਰ ਲਗਾਈ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਪਿੰਡ ਬਨਾਂ ਦੇ ਕਿਸਾਨ ਜੋਗਿੰਦਰ ਪਾਲ ਨੇ ਦੱਸਿਆ ਕਿ ਨੇੜੇ ਪੈਂਦੀ ਇੱਕ ਕੈਪਸੂਲ ਫੈਕਟਰੀ ਵਿੱਚ ਬਿਜਲੀ ਸਪਲਾਈ ਦੀ ਨਵੀਂ ਲਾਈਨ ਪਾਏ ਜਾਣ ਲਈ ਵੱਡੇ-ਵੱਡੇ ਟਾਵਰ ਲਗਾਏ ਜਾ ਰਹੇ ਹਨ ਜਿਸ ਤੋਂ ਬਾਅਦ ਤਾਰਾਂ ਪਾਈਆਂ ਜਾਣਗੀਆਂ। ਉਹਨਾਂ ਦੱਸਿਆ ਕਿ ਉਸ ਦੇ ਨਾਲ ਦੇ ਕਿਸਾਨ ਦੀ ਜਮੀਨ ਵਿੱਚ ਟਾਵਰ ਲੱਗ ਚੁੱਕਿਆ ਹੈ ਅਤੇ ਉਸ ਦੇ ਖੇਤ ਵਿੱਚ ਭਾਵੇਂ ਟਾਵਰ ਤਾਂ ਨਹੀਂ ਲੱਗਿਆ ਪ੍ਰੰਤੂ ਬਿਜਲੀ ਦੀਆਂ ਤਾਰਾਂ ਜਰੂਰ ਲੰਘਣਗੀਆਂ ਜਿਸ ਨਾਲ ਉਹ ਆਪਣੇ ਖੇਤ ਵਿੱਚ ਪਾਪੂਲਰਾਂ ਆਦਿ ਦੇ ਬੂਟੇ ਨਹੀਂ ਲਗਾ ਸਕੇਗਾ ਕਿਉਂਕਿ ਬਿਜਲੀ ਵਿਭਾਗ ਜਿੱਥੇ ਵੀ ਤਾਰਾਂ ਦੇ ਨੇੜੇ ਦਰੱਖਤ ਹੁੰਦੇ ਹਨ ਉਹਨਾਂ ਨੂੰ ਕਟਵਾ ਦਿੰਦਾ



ਹੈ। ਉਸ ਨੇ ਦੱਸਿਆ ਕਿ ਮੇਰੇ ਖੇਤ ਜਿੱਥੋਂ ਲਾਈਨ ਲੰਘਣੀ ਹੈ ਦੀ ਲੰਬਾਈ 74 ਕਰਮਾਂ ਦੇ ਕਰੀਬ ਹੈ ਅਤੇ ਇਸ ਦਾ ਪਤਾ ਉਸ ਨੂੰ ਬੀਤੀ 18 ਮਾਰਚ ਨੂੰ ਹੀ ਲੱਗਿਆ।

ਜੋਗਿੰਦਰ ਪਾਲ ਨੇ ਦੱਸਿਆ ਕਿ ਤਾਰਾਂ ਵਾਲੀ ਜਗ੍ਹਾ 'ਤੇ ਬੂਟੇ ਨਾ ਲੱਗਣ ਕਾਰਨ ਉਸ ਨੂੰ ਭਵਿੱਖ ਵਿੱਚ ਕਾਫੀ ਨੁਕ-ਸਾਨ ਹੋਵੇਗਾ ਜਿਸ ਦਾ ਸਿੱਧਾ ਜਿੰਮੇਵਾਰ ਵਿਭਾਗ ਹੈ। ਕਿਸਾਨ ਜੋਗਿੰਦਰ ਪਾਲ ਨੇ ਪਾਵਰਕਾਮ ਦੇ ਉੱਚ ਅਧਿਕਾਰੀਆਂ ਤੋਂ ਮੰਗ ਕੀਤੀ ਕਿ ਉਸ ਦੇ ਖੇਤ ਵਿੱਚੋਂ ਬਿਜਲੀ ਦੀਆਂ ਤਾਰਾਂ ਨਾ ਲੰਘਾਈਆਂ ਜਾਣ ਤਾਂ ਜੋ ਉਸ ਨੂੰ ਬੂਟੇ ਲਗਾਉਣ ਵਿੱਚ ਕੋਈ ਦਿੱਕਤ ਪਰੇਸ਼ਾਨੀ ਨਾ ਹੋਵੇ। ਇੱਥੇ ਇਹ ਦੱਸਣਯੋਗ ਹੈ ਕਿ ਇੱਕ ਪਾਸੇ ਤਾਂ ਪਾਵਰਕਾਮ ਬਿਜਲੀ ਦੀਆਂ ਸਪਲਾਈ ਲਾਈਨਾਂ ਨੇੜੇ ਲੋਕਾਂ ਨੂੰ ਦਰੱਖਤ ਲਗਾਉਣ ਤੋਂ ਰੋਕ ਰਿਹਾ ਹੈ ਅਤੇ ਜੇ ਦਰਖਤ ਲਾਈਨਾਂ ਵਿੱਚ ਅੜਚਨ ਪੈਦਾ ਕਰਦੇ ਹਨ ਤਾਂ ਉਹਨਾਂ ਨੂੰ ਕੱਟਿਆ ਜਾ ਰਿਹਾ ਹੈ ਜਦਕਿ ਕਈ ਲਾਈਨਾਂ ਨੂੰ ਖੇਤਾਂ ਤੋਂ ਬਾਹਰ ਵੀ ਕੱਢਿਆ ਜਾ ਰਿਹਾ ਹੈ ਪ੍ਰੰਤੂ ਫਿਰ ਵੀ ਉਕਤ ਕਿਸਾਨ ਦੇ ਖੇਤਾਂ ਵਿੱਚੋਂ ਸਪਲਾਈ ਲਾਈਨ ਕੱਢਣ ਵਿੱਚ ਆਖਿਰ ਕਿਹੜੀ ਮਜਬੂਰੀ ਹੈ।ਜਦੋਂ ਇਸ ਸਬੰਧੀ ਕੈਪਸੂਲ ਫੈਕਟਰੀ ਦੇ ਜਰਨਲ ਮੈਨੇਜਰ ਜਸਵਿੰਦਰ ਸਿੰਘ ਨਾਲ ਗੱਲਬਾਤ ਤਾਂ ਉਹਨਾਂ ਨੇ ਕਿਹਾ ਕਿ ਬਿਜਲੀ ਦੀਆਂ ਤਾਰਾਂ ਮਹਿਕਮੇ ਵਲੋਂ ਪਾਈਆਂ ਜਾ ਰਹੀਆਂ ਹਨ ਜਿਹਨਾਂ ਬਾਰੇ ਬਿਜਲੀ ਵਿਭਾਗ ਹੀ ਜਾਣਦਾ ਹੈ ।

# ਸ੍ਰ. ਜਸਵਿੰਦਰ ਸਿੰਘ ਢਿੱਲੋ ਮੈਮੋਰੀਅਲ ਵੈਲਫੇਅਰ ਸੁਸਾਇਟੀ (ਰਜਿ) ਫ਼ਰੀਦਕੋਟ ਵੱਲੋਂ ਸ਼ਹੀਦਾਂ ਦੀ ਸ਼ਹਾਦਤ ਨੂੰ ਸਮਰਪਿਤ ਵਿਸ਼ਾਲ ਖ਼ੂਨਦਾਨ ਕੈਂਪ ਲਗਾਇਆ ਗਿਆ





**ਫ਼ਰੀਦਕੋਟ (ਸ਼ਿਵਨਾਥ)** ਅੱਜ ਸ਼ਹੀਦੇ ਏ ਆਜ਼ਮ ਸ੍ਰ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਜੀ ਦੀ ਸ਼ਹਾਦਤ ਨੂੰ ਸਮਰਪਿਤ ਸ੍ਰ ਜਸਵਿੰਦਰ ਸਿੰਘ ਢਿੱਲੋ ਮੈਮੋਰੀਅਲ ਵੈਲਫੇਅਰ (ਰਜਿ) ਫ਼ਰੀਦਕੋਟ ਵੱਲੋ ਗੁਰੂ ਗੋਬਿੰਦ ਸਿੰਘ ਮੈਡੀਕਲ ਹਸਪਤਾਲ ਫ਼ਰੀਦਕੋਟ ਦੀ ਬਲੱਡ ਬੈਂਕ ਵਿਚ 'ਸਾਂਝ ਬਲੱਡ ਵੈਲਫੇਅਰ ਕਲੱਬ ਫ਼ਰੀਦਕੋਟ, ਭਾਈ ਘੱਨਈਆ ਯੂਥ ਕਲੱਬ ਫ਼ਰੀਦਕੋਟ ਤੇ ਕਲਮਾਂ ਦੇ ਰੰਗ ਸਾਹਿਤ ਸਭਾ (ਰਜਿ) ਫ਼ਰੀਦਕੋਟ ਦੇ ਸਹਿਯੋਗ ਨਾਲ ਵਿਸ਼ਾਲ ਖ਼ੂਨਦਾਨ ਕੈਂਪ ਲਗਾਇਆ ਗਿਆ। ਇਸ ਕੈਂਪ ਦੌਰਾਨ ਤਕਰੀਬਨ 78 ਬਲੱਡ ਯੂਨਿਟ ਇਕੱਤਰ ਹੋਏ।

ਸਮਾਜ ਵੀਕਲੀ ਨਿਊਜ਼

ਜਿਸ ਵਿੱਚ ਉਚੇਚੇ ਤੌਰ ਤੇ ਹਲਕਾ ਫ਼ਰੀਦਕੋਟ ਦੇ ਵਿਧਾਇਕ ਸ੍ਰ ਗੁਰਦਿੱਤ ਸਿੰਘ ਸੇਖੋਂ, ਵਿਧਾਨ ਸਭਾ ਦੇ ਸਪੀਕਰ ਦੇ ਪੀ.ਏ, ਰਾਜਿੰਦਰ ਦਾਸ ਰਿੰਕੂ ਆਪ ਦੇ ਆਗੂ , ਜ਼ਿਲਾ ਯੋਜਨਾ ਬੋਰਡ ਚੇਅਰਮੈਨ ਤੇ ਜ਼ਿਲਾ ਪ੍ਰਧਾਨ ਸ.ਗੁਰਤੇਜ ਸਿੰਘ ਖੋਸਾ, ਇੰਪਰੂਵਮੈਂਟ ਟਰੱਸਟ ਫ਼ਰੀਦਕੋਟ ਦੇ ਚੇਅਰਮੈਨ ਸ. ਗਗਨਦੀਪ ਸਿੰਘ ਧਾਲੀਵਾਲ , ਹਲਕਾ ਵਿਧਾਇਕ ਗੁਰੂਹਰਸਹਾਏ ਰਮਿੰਦਰ ਆਵਲਾ ਜੀ , ਪ੍ਰਸਿੱਧ ਸਮਾਜਸੇਵੀ ਕੈਪਟਨ ਧਰਮ ਸਿੰਘ, ਰਵਿੰਦਰ ਬੁਗਰਾ,ਪ੍ਰਸਿੱਧ ਪੱਤਰਕਾਰ ਤੇ ਅਦਾਕਾਰ ਜਸਬੀਰ ਜੱਸੀ,



ਪੱਤਰਕਾਰ ਹਰਮਿੰਦਰ ਮਿੰਦਾ, ਪੱਤਰਕਾਰ ਗਗਨ , ਪੱਤਰਕਾਰ ਅਲੈਗਜੈਂਡਰ ਡਿਸੂਜਾ,ਪੱਤਰਕਾਰ ਜਸਵੀਰ ਕੋਟਸੁਖੀਆ, ਪੱਤਰਕਾਰ ਰਾਜੇਸ਼ ਬਾਗੜੀ,ਪੱਤਰਕਾਰ ਗੁਰਪ੍ਰੀਤ ਸਿੰਘ ਪੱਕਾ, ਪੱਤਰਕਾਰ ਰਜਿੰਦਰ ਅਰੋੜਾ ਆਦਿ ਪਹੁੰਚੇ।

ਏਨਾ ਤੋ ਇਲਾਵਾ ਸਤਨਾਮ ਸਿੰਘ ਹਰੀ ਕੇ ਮਝੈਲ ਜਥੇਬੰਦੀ,ਆਲ ਇੰਡੀਆ ਕਿਸਾਨ ਯੂਨੀਅਨ ਏਕਤਾ ਫਤਿਹ ਦੇ ਪੰਜਾਬ ਪ੍ਰਧਾਨ ਸਰਨਜੀਤ ਸਿੰਘ , ਸਿਵਨਾਥ ਦਰਦੀ , ਪ੍ਰੋ ਬੀਰ ਇੰਦਰ ਸਰਾਂ , ਅਮਜਦ ਖਾਨ , ਜਸਬੀਰ ਸਿੰਘ, ਇਕਬਾਲ ਸਿੰਘ ਸਾਹਿਲ, ਪ੍ਰਤਾਪ, ਸਾਗਰ, ਗਗਨਦੀਪ ਸਿੰਘ, ਜਗਦੇਵ ਸਿੰਘ ਰਾਜਨ ਦੁਆ,ਪੀ ਕੇ ਦਿਓੜਾ, ਗੁਰਪ੍ਰੀਤ ਸਿੰਘ ਗੁਰਸੇਵਕ ਸਿੰਘ ਮਾਨੀਆਂ ਵਾਲਾ, ਰਮਨਦੀਪ ਸਿੰਘ ਸੀਰ ਵਾਲੀ, ਮਨਮੋਹਨ ਸਿੰਘ ਸੁਖਦੀਪ ਸਿੰਘ, ਗੋਰਾ , ਵਿੱਕੀ, ਸਰਵਣ, ਸੁਖਵਿੰਦਰ ਸਿੰਘ ਵਿਲਖੂ,ਕਾਕਾ ਜੀ, ਇੰਦਰਜੀਤ ਸਿੰਘ , ਕੁਲਵੰਤ ਸਿੰਘ, ਅਜੇ, ਸੁਖਬੀਰ ਬਾਬਾ , ਰਾਜ ਗਿੱਲ ਭਾਣਾ, ਹਰਜੀਤ ਸਿੰਘ, ਵਿਰਕ ਅਰਾਈਆ ਵਾਲਾ, ਕੇ.ਪੀ ਸਰਾਂ, ਮੈਡਮ ਮੰਜੂ ਸੁਖੀਜਾ, ਮੈਡਮ ਰਜਨੀ ,ਕੇਵਲ ਕਟਾਰੀਆ, ਵਿਜੇਂਦਰ ਵੇਨੈਕ, ਅਰਵਿੰਦ ਛਾਬੜਾ, ਬਲਕਾਰ ਸਿੰਘ ਸੁਪਰਵਾਈਜ਼ਰ, ਯੋਗਰਾਜ ਸਿੰਘ, ਪ੍ਰਦੀਪ ਕੁਮਾਰ, ਵਿਜੈ ਸ਼ਰਮਾਂ, ਅਮਨਦੀਪ ਮਚਾਕੀ ਕਲਾਂ, ਜਗਮੀਤ ਗੋਲੇਵਾਲਾ, ਚਮਕੌਰ ਸਿੰਘ, ਯਾਦਵਿੰਦਰ ਸਿੰਘ, ਮਨਦੀਪ ਸਟੈਂਡ ਵਾਲਾ, ਗੁਰਵਿੰਦਰ ਸਿੰਘ, ਗੁਰਵੀਰ ਸਿੰਘ ਤੇ ਜਗਦੀਪ ਸਿੰਘ ਅਤੇ ਬਲੱਡ ਬੈਂਕ ਦੀ ਸਮੁੱਚੀ ਟੀਮ ਹਾਜ਼ਰ ਸੀ। ਆਖਿਰ ਵਿਚ ਸ੍ਰ ਗੁਰਜੀਤ ਸਿੰਘ ਹੈਰੀ ਢਿੱਲੋ ਵੱਲੋ ਪਹੁੰਚੀਆਂ ਸਾਰੀਆ ਸਮਾਜਸੇਵੀ ਸੰਸਥਾਵਾਂ ਤੇ ਕੈਪ ਵਿਚ ਯੋਗਦਾਨ ਪਾਉਣ ਵਾਲੀ ਹਰ ਸਖਸ਼ੀਅਤ ਦਾ ਦਿਲੋ ਧੰਨਵਾਦ ਕੀਤਾ ਅਤੇ ਸਨਮਾਨ ਚਿੰਨ ਦੇ ਕੇ ਸਨਮਾਨਿਤ ਕੀਤਾ ਗਿਆ।

# ਸ਼ਹੀਦ-ਏ-ਆਜ਼ਮ ਸ. ਭਗਤ ਸਿੰਘ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ "ਸਾਮਰਾਜ ਵਿਰੋਧੀ ਦਿਵਸ" ਮਨਾਇਆ

**ਫਰੀਦਕੋਟ(ਸ਼ਿਵਨਾਥ)** ਸੰਯੁਕਤ ਕਿਸਾਨ ਮੋਰਚੇ ਦੇ ਉਲੀਕੇ ਹੋਏ ਪ੍ਰੋਗਰਾਮ ਦੀ ਲੜੀ ਦੇ ਤਹਿਤ ਅੱਜ ਭਗਤ ਸਿੰਘ ਪਾਰਕ ਫ਼ਰੀਦਕੋਟ ਵਿਖੇ ਸ਼ਹੀਦੇ ਆਜ਼ਮ ਸ੍ਰ ਭਗਤ ਸਿੰਘ ਅਤੇ ਓਨਾ ਦੇ ਸਾਥੀਆਂ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ 'ਸਾਮਰਾਜ ਵਿਰੋਧੀ ਦਿਵਸ' ਦੇ ਤੌਰ ਤੇ ਮਨਾਇਆ ਗਿਆ ਅਤੇ ਆਜ਼ਾਦੀ ਖਾਤਰ ਕੁਰਬਾਨ ਹੋਏ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਭਾਈ ਕਨੱਈਆ ਚੌਕ ਤੱਕ ਲੋਕ ਵਿਰੋਧੀ ਨੀਤੀਆਂ ਖਿਲਾਫ ਮਾਰਚ ਕੀਤਾ ਗਿਆ।

ਸਮਾਜ ਵੀਕਲੀ ਨਿਊਜ਼

ਸੰਯੁਕਤ ਕਿਸਾਨ ਮੋਰਚੇ ਵਿੱਚ ਸ਼ਾਮਿਲ, ਆਗੂਆਂ ਵੱਲੋਂ ਸਾਮਰਾਜੀ ਮੁਲਕਾਂ ਵੱਲੋਂ ਇਰਾਨ ਉੱਤੇ ਕੀਤੇ ਹਮਲੇ ਦੀ ਸਖਤ ਨਿਖੇਧੀ ਕਰਦਿਆਂ ਸਾਮਰਾਜ ਵਿਰੋਧੀ ਹਮਲਿਆਂ ਖਿਲਾਫ ਇੱਕ ਜੁੱਟ ਹੋਣ ਦਾ ਸੱਦਾ ਦਿੱਤਾ ਗਿਆ। ਵੱਖ-ਵੱਖ ਜਥੇਬੰਦੀਆਂ ਦੇ ਆਗੂਆਂ ਨੇ ਬੋਲਦਿਆਂ ਕਿਹਾ ਕਿ ਸ਼ਹੀਦ-ਏ-ਆਜ਼ਮ ਸ੍ਰ ਭਗਤ ਸਿੰਘ ਰਾਜਗੁਰੂ ਸੁਖਦੇਵ ਨੂੰ ਸਾਡੀ ਸੱਚੀ ਸ਼ਰਧਾਂਜਲੀ ਇਹੀ ਹੋਵੇਗੀ ਕਿ ਲੋਕਾਂ ਦੀ ਲਾਮਬੰਦੀ ਤੇਜ਼ ਕਰਨੀ, ਬਰਾਬਰਤਾ ਦਾ ਸਮਾਜ ਸਿਰਜਣਾ, ਜਿਸ ਵਿੱਚ ਕੋਈ ਜਾਤ ਪਾਤ ਮਜ਼ਹਬ ਦਾ ਮਸਲਾ ਨਾ ਹੋਵੇ,ਲੋਕਾਂ ਦੀ ਤਰੱਕੀ ਵਾਸਤੇ ਵੱਡੀ ਇਕੱਤਰਤਾ ਕਰਨੀ ਅਤੇ ਸਾਮਰਾਜ ਦੇ ਹੱਲਿਆਂ ਦਾ ਮੂੰਹ ਤੋੜਵਾਂ ਜਵਾਬ ਦੇਣਾ। ਕੇਂਦਰ ਦੀ ਮੋਦੀ ਸਰਕਾਰ ਵੱਲੋਂ ਜੋ ਪਿਛਲੇ ਦਿਨੀਂ ਅਮਰੀਕਾ ਦੇ ਨਾਲ ਟਰੇਡ ਸਮਝੌਤਾ ਕਰਕੇ ਲੋਕਾਂ ਉਪਰ ਲੋਕ ਮਾਰੂ ਨੀਤੀਆਂ ਥੋਪੀਆਂ ਜਾ ਰਹੀਆਂ ਹਨ । ਉਹਨਾਂ ਨੂੰ ਤੁਰੰਤ ਬੰਦ ਕਰਾਉਣਾ, ਬਿਜਲੀ ਸੋਧ ਬਿੱਲ 25 ਅਤੇ ਬੀਜ ਸੋਧ ਬਿੱਲ 25 ਰੱਦ ਕਰਾਉਣਾ,ਨਰੇਗਾ ਕਾਨੂੰਨ ਬਹਾਲ ਕਰਾਉਣਾ, ਚਾਰ ਲੇਬਰ ਕੋਡ ਰੱਦ ਕਰਾਉਣੇ ਆਦਿ ਮੰਗਾਂ ਨੂੰ ਲੈ ਕੇ ਲੋਕਾਂ ਨੂੰ ਲਾਮ





ਬੰਦ ਕਰਨਾ।ਇਸ ਮੌਕੇ ਸੰਯੁਕਤ ਕਿਸਾਨ ਮੋਰਚੇ ਵਿੱਚ ਸ਼ਾਮਿਲ ਕਿਸਾਨ, ਮੁਲਾਜ਼ਮ, ਮਜ਼ਦੂਰ, ਸ਼ਹੀਦ ਭਗਤ ਸਿੰਘ ਨੌਜਵਾਨ ਸਭਾ,ਕੌਮੀ ਕਿਸਾਨ ਯੂਨੀਅਨ, ਕਿਰਤੀ ਕਿਸਾਨ ਯੂਨੀਅਨ, ਭਾਰਤੀ ਕਿਸਾਨ ਯੂਨੀਅਨ ਡਕਾਉਂਦਾ ਧਨੇਰ, ਜਮਹੂਰੀ ਕਿਸਾਨ ਸਭਾ, ਭਾਰਤੀ ਕਿਸਾਨ ਯੂਨੀਅਨ ਲੱਖੋਵਾਲ, ਭਾਰਤੀ ਕਿਸਾਨ ਯੂਨੀਅਨ ਏਕਤਾ ਮਾਲਵਾ, ਕੁੱਲ ਹਿੰਦ ਕਿਸਾਨ ਸਭਾ, ਭਾਰਤੀ ਕਿਸਾਨ ਯੂਨੀਅਨ ਕਾਦੀਆਂ, ਭਾਰਤੀ ਕਿਸਾਨ ਯੂਨੀਅਨ ਪੰਜਾਬ, ਕ੍ਰਾਂਤੀਕਾਰੀ ਕਿਸਾਨ ਯੂਨੀਅਨ ਪੰਜਾਬ, ਭਾਰਤੀ ਕਿਸਾਨ ਯੂਨੀਅਨ ਡਕੌਂਦਾ ਬੁਰਜ ਗਿੱਲ, ਨਰੇਗਾ ਯੂਨੀਅਨ, ਦਿਹਾਤੀ ਮਜ਼ਦੂਰ ਸਭਾ, ਪਸਸਫ 1406 ਫਰੀਦਕੋਟ, ਪਸਸਫ 1680 ਫਰੀਦਕੋਟ,ਪੀ.ਆਰ.ਟੀ.ਸੀ.ਯੂ ਨੀਅਨ ਆਜ਼ਾਦ,ਟੈਕਨੀਕਲ ਸਰਵਿਸਿਜ਼ ਯੂਨੀਅਨ, ਪੰਜਾਬ ਪੈਨਸ਼ਨਰ ਯੂਨੀਅਨ ਏਟਕ ਸ਼ਾਮਲ ਹੋਈਆਂ। ਅੰਤ ਵਿੱਚ ਤਰਨਤਾਰਨ ਵਿਖੇ ਬੀਤੇ ਦਿਨੀ ਵੇਅਰਹਾਊਸ ਦੇ ਡੀ.ਐਮ. ਗਗਨਦੀਪ ਸਿੰਘ ਰੰਧਾਵਾ ਵੱਲੋਂ ਕੀਤੀ ਗਈ ਖੁਦਕਸ਼ੀ ਤੇ ਦੁੱਖ ਪ੍ਰਗਟ ਕਰਦਿਆਂ ਪੰਜਾਬ ਸਰਕਾਰ ਕੋਲੋਂ ਮੰਗ ਕੀਤੀ ਗਈ ਕਿ ਇਸ ਮਾਮਲੇ ਦੀ ਨਿਰਪੱਖ ਜਾਂਚ ਕਰਕੇ ਦੋਸ਼ੀਆਂ ਖਿਲਾਫ ਸਖਤ ਤੋਂ ਸਖਤ ਕਾਰਵਾਈ ਕੀਤੀ ਜਾਵੇ ਅਤੇ ਪੀੜਤ ਪਰਿਵਾਰ ਨੂੰ ਇਨਸਾਫ਼ ਦਿਵਾਇਆ ਜਾਵੇ। ਇਸ ਸਮੇਂ ਵੱਡੀ ਗਿਣਤੀ ਵਿੱਚ ਕਿਸਾਨ,ਮੁਲਾਜ਼ਮ,ਮਜ਼ਦੂਰ ਸ਼ਾਮਲ ਹੋਏ।

# ਪਹਿਲੀ ਵੰਦੇ ਭਾਰਤ ਟ੍ਰੇਨ ਦਾ ਰੇਲ ਕੋਚ ਫੈਕਟਰੀ ਵਿੱਚ ਸਫਲ ਨਿਰਮਾਣ

## 16 ਕੋਚਾਂ ਵਾਲਾ ਰੈਕ ਅੰਤਿਮ ਚਰਨ ਵਿੱਚ ਚਾਲੂ ਮਹੀਨੇ ਦੇ ਅੰਤ ਤੱਕ ਸੰਚਾਲਨ ਦੇ ਲਈ ਸੌਂਪੇ ਜਾਣ ਨੂੰ ਤਿਆਰ ਹੈ ਵੰਦੇ ਭਾਰਤ- ਅਮਨ ਕੁਮਾਰ

**ਕਪੂਰਥਲਾ, 25 ਮਾਰਚ (ਕੌੜਾ)**- ਦੇਸ਼ ਵਿੱਚ ਬਣਨ ਵਾਲੀ ਰੇਲ ਨਿਰਮਾਣ ਨੂੰ ਇੱਕ ਨਵੀਂ ਗਤੀ ਦਿੰਦੇ ਹੋਏ ਰੇਲ ਕੋਚ ਫੈਕਟਰੀ ਕਪੂਰਥਲਾ ਨੇ ਆਪਣੀ ਪਹਿਲੀ ਬੰਦੇ ਭਾਰਤ ਟ੍ਰੇਨ ਦਾ ਸਫਲ ਨਿਰਮਾਣ ਕੀਤਾ ਹੈ। ਪੂਰੀਆਂ ਸਹੂਲਤਾਂ ਨਾਲ ਭਰਪੂਰ 16 ਕੋਚਾਂ ਵਾਲਾ ਰੈਕ ਅੰਤਿਮ ਚਰਨ ਵਿੱਚ ਹੈ ਅਤੇ ਚਾਲੂ ਮਹੀਨੇ ਦੇ ਅੰਤ ਤੱਕ ਸੰਚਾਲਨ ਦੇ ਲਈ ਸੌਂਪੇ ਜਾਣ ਨੂੰ ਤਿਆਰ ਹੈ। ਇਹ ਉਪਲਬਧੀ ਦੇਸ਼ ਵਿੱਚ ਆਧੁਨਿਕ ਟ੍ਰੇਨ ਨਿਰਮਾਣ ਸਮਰੱਥਾ ਤੇ ਵਿਸਤਾਰ ਦੀ ਦਿਸ਼ਾ ਵਿੱਚ ਇੱਕ ਮਹੱਤਵਪੂਰਨ ਮੀਲ ਦਾ ਪੱਥਰ ਸਾਬਿਤ ਹੋਵੇਗੀ। ਗੱਲਬਾਤ ਕਰਦੇ ਹੋਏ ਅਮਨ ਕੁਮਾਰ ਨੇ ਵੰਦੇ ਭਾਰਤ ਕੋਚਾਂ ਦੇ ਨਵੀਨਤਮ ਰੈਕ ਵਿੱਚ ਸ਼ਾਮਿਲ ਤਕਨੀਕੀ ਉਪਕਰਣਾਂ ਸਬੰਧੀ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ। ਉਹਨਾਂ ਦੱਸਿਆ ਕਿ ਪਹਿਲੀ ਭਾਰਤ ਵੰਦੇ ਟ੍ਰੇਨ ਦਾ ਨਿਰਮਾਣ ਆਰ ਸੀ ਐੱਫ ਕਪੂਰਥਲਾ ਵਿੱਚ ਕੀਤਾ ਗਿਆ। ਉਹਨਾਂ ਕਿਹਾ ਕਿ ਉਤਪਾਦਨ



ਸਮਰੱਥਾ ਦਾ ਵਿਸਤਾਰ ਹੋਇਆ ਹੈ।ਇਸ ਨਾਲ ਪਹਿਲਾਂ ਇਸ ਦਾ ਡਿਜ਼ਾਇਨ ਅਤੇ ਨਿਰਮਾਣ ਇੰਟੀਕਰਿਲ ਕੋਚ ਫੈਕਟਰੀ ਚੇਨਈ ਵਿੱਚ ਕੀਤਾ ਗਿਆ। ਇਹ ਪਹਿਲੀ ਇੰਡੀਅਨ ਰੇਲਵੇ ਦੀ ਨਿਰਮਾਣ ਸਮਰੱਥਾ ਨੂੰ ਹੋਰ ਦ੍ਰਿੜ ਕਰੇਗੀ। ਉਹਨਾਂ ਦੱਸਿਆ ਕਿ ਰੇਲ ਰੇਲ ਕੋਚ ਫੈਕਟਰੀ ਵਿੱਚ ਪ੍ਰਤੀ ਸਾਲ 2200 ਤੋਂ 2300ਕੋਚ ਤਿਆਰ ਹੁੰਦੇ ਹਨ ਜੋ ਕਿ ਰੇਲ ਵਿਭਾਗ ਦੇ ਅਦਾਲਤ ਟੀਚਿਆਂ ਨੂੰ ਧਿਆਨ ਵਿੱਚ ਰੱਖਦੇ ਹੋਏ ਪੂਰੇ ਕੀਤੇ ਜਾਂਦੇ ਹਨ। ਵੰਦੇ ਭਾਰਤ ਕੋਚਾਂ ਦੀਆਂ ਵਿਸ਼ੇਸ਼ਤਾਵਾਂ ਤੇ ਰੋਸ਼ਨੀ ਪਾਉਂਦੇ ਹੋਏ ਅਮਨ ਕੁਮਾਰ ਨੇ ਦੱਸਿਆ ਕਿ ਇਸ ਵਿੱਚ ਕਵਚ ਵਰਗੀਆਂ ਅਤਿਅਧੁਨਿਕ ਨਵੀਂ ਸੁਰੱਖਿਆ ਪ੍ਰਣਾਲੀਆਂ ਨਾਲ ਡਿਜ਼ਾਇਨ ਅਤੇ ਹੋਰ ਉਨਤ ਅੱਗ ਪਹਿਚਾਣ ਅਤੇ ਹੋਰ ਤਕਨੀਕਾਂ ਦੀਆਂ ਪੂਰੀਆਂ ਸਹੂਲਤਾਂ ਹਨ। ਇਹ ਟਰੇਨ 160 ਕਿਲੋਮੀਟਰੀ ਪ੍ਰਤੀ ਘੰਟੇ ਦੀ ਗਤੀ ਨਾਲ 180 ਕਿਲੋਮੀਟਰ ਪ੍ਰਤੀ ਘੰਟਾ ਚੱਲਣ ਵਿੱਚ ਸਮਰੱਥ ਹੈ। ਇਸ ਤੋਂ ਇਲਾਵਾ ਇੰਟੀਗਰੇਸ਼ਨ ਅਤੇ ਏਅਰ ਕੰਡੀਸ਼ਨਰ ਪ੍ਰਣਾਲੀ ਆਧੁਨਿਕ ਇੰਟੀਰੀਅਰ ਤੇ ਅਰਾਮਦਾਇਕ ਸੀਟਿੰਗ, ਮੋਬਾਈਲ ਚਾਰਜਿੰਗ ਸੁਵਿਧਾ, ਬਾਥਰੂਮ, ਬੈਟਰੀ ਵਿਵਸਥਾ, ਸੀਸੀਟੀਵੀ ਨਿਗਰਾਨੀ, ਜੀਪੀਐਸ ਅਧਾਰਿਤ ਯਾਤਰੀ ਸੂਚਨਾ ਪ੍ਰਣਾਲੀ ਅਤੇ ਹੋਰ ਪਾਵਰ ਦਰਵਾਜੇ ਵਰਗੀਆਂ ਸਹੂਲਤਾਂ ਨਾਲ ਪੂਰੀ ਤਰ੍ਹਾਂ ਲੈੱਸ ਹੈ।

# ਪੰਜਾਬੀ ਲਿਖਾਰੀ ਸਭਾ ਕੈਲਗਰੀ ਵੱਲੋਂ 'ਬੱਚਿਆਂ ਦੇ ਪੰਜਾਬੀ ਬੋਲਣ ਦੀ ਮੁਹਾਰਤ' ਦਾ 13ਵੇਂ ਸਮਾਗਮ ਜੋ 20 ਜੂਨ 2026 ਨੂੰ ਹੋਣਾ ਹੈ, ਦਾ ਪੋਸਟਰ ਰੀਲੀਜ ਕੀਤਾ ਗਿਆ

**ਕੈਨੇਡਾ (ਹਰਜਿੰਦਰ ਪਾਲ ਛਾਬੜਾ)** ਦਵਿੰਦਰ ਮਲਹਾਂਸ- ਪੰਜਾਬੀ ਲਿਖਾਰੀ ਸਭਾ ਕੈਲਗਰੀ ਦੀ ਮਾਰਚ ਮਹੀਨੇ ਦੀ ਮੀਟਿੰਗ ਕੋਸੋ ਹਾਲ ਵਿੱਚ ਹੋਈ ।ਜਨਰਲ ਸਕੱਤਰ ਦਵਿੰਦਰ ਮਲਹਾਂਸ ਨੇ ਪ੍ਰਧਾਨਗੀ ਮੰਡਲ ਵਿੱਚ ਬੈਠਣ ਲਈ ਮੀਤ ਪ੍ਰਧਾਨ ਜੋਰਾਵਰ ਅਤੇ ਉੱਘੇ ਕਵੀ ਬਲਜਿੰਦਰ ਸੰਘਾ ਨੂੰ ਸੱਦਾ ਦਿੱਤਾ ।ਸਭ ਤੋਂ ਪਹਿਲਾਂ ਸ਼ੋਕ ਮਤੇ ਸਾਂਝੇ ਕੀਤੇ ਗਏ ।ਪਿਛਲੇ ਦਿਨੀ ਤਰਕਸ਼ੀਲ ਸੁਸਾਇਟੀ ਕੈਨੇਡਾ ਦੇ ਸਰਪ੍ਰਸਤ ਬਾਈ ਅਵਤਾਰ ਗਿੱਲ ਜੀ ਸਦੀਵੀ ਵਿਛੋੜਾ ਦੇ ਗਏ ਸਨ ।ਜਿੱਥੇ ਉੱਹਨਾ ਨੇ ਜਿਉਂਦੇ ਜੀਅ ਸਮਾਜ ਸੇਵਾ ਕੀਤੀ, ਉੱਥੇ ਆਪਸੀ ਇੱਛਾ ਮੁਤਾਬਿਕ ਉਨ੍ਹਾਂ ਦੀ ਮ੍ਰਿਤਕ ਦੇਹ ਮੈਡੀਕਲ ਖੋਜ ਕਾਰਜਾਂ ਲਈ ਲੁਧਿਆਣੇ ਦੇ ਹਸਪਤਾਲ ਨੂੰ ਭੇਂਟ ਕੀਤੀ ।ਇਸ ਮਹਾਨ ਕਾਰਜ ਲਈ ਉਨ੍ਹਾਂ ਦੀ ਅਗਾਂਹਵਧੂ ਸੋਚ ਨੂੰ ਸਲਾਮ ਕਰਦਿਆਂ, ਸ਼ਰਧਾ ਦੇ ਫੁੱਲ ਭੇਂਟ ਕੀਤੇ ਗਏ ।ਪਿਛਲੇ ਮਹੀਨੇ ਉੱਘੇ ਕਹਾਣੀਕਾਰ ਲਾਲ ਸਿੰਘ ਦਸੂਹਾ ਜੀ ਅਕਾਲ ਚਲਾਣਾ ਕਰ ਗਏ ਸੀ ।ਪੰਜਾਬੀ ਲਿਖਾਰੀ ਸਭਾ ਵੱਲੋਂ ਉਨ੍ਹਾਂ ਦੇ ਦੁੱਖ ਦਾ ਇਜ਼ਹਾਰ ਕਰਦਿਆਂ , ਸ਼ਰਧਾ ਦੇ ਫੁੱਲ ਭੇਂਟ ਕੀਤੇ ਗਏ ।ਪੰਜਾਬੀ ਦੇ ਪ੍ਰਮੁੱਖ ਨਾਟਕਕਾਰ ਕਪੂਰ ਸਿੰਘ ਘੁੰਮਣ ਦੀ ਧੀ ਨਵਨਿੰਦਰਾ ਜੋ ਕਿ ਖੁਦ ਪ੍ਰਤਿਭਾਸ਼ਾਲੀ ਅਦਾਕਾਰ, ਨਿਰਦੇਸ਼ਕ ਅਤੇ ਨਾਟ- ਚਿੰਤਕ ਸਨ ਦੇ ਸਦੀਵੀ ਵਿਛੋੜੇ ਨਾਲ ਪੰਜਾਬੀ ਰੰਗਮੰਚ ਲਈ ਵੱਡਾ ਘਾਟਾ ਪਿਆ ਹੈ ।ਪੰਜਾਬੀ ਲਿਖਾਰੀ ਸਭਾ ਵਲੋਂ ਉਨ੍ਹਾਂ ਨੂੰ ਸ਼ਰਧਾਂਜਲੀਆਂ ਭੇਂਟ



ਕੀਤੀਆਂ ਗਈਆਂ ।ਮੀਟਿੰਗ ਦਾ ਅਗਾਜ ਗਿੱਲ ਸੁਖਮਿੰਦਰ ਸਿੰਘ ਨੇ ਆਪਣੇ ਗੀਤ ਰਾਹੀਂ ਕੀਤਾ। ਸੁਖਵਿੰਦਰ ਸਿੰਘ ਤੂਰ ਨੇ ਸੁਰੀਲੀ ਆਵਾਜ਼ ਨਾਲ ਗੀਤ ਗਾ ਕੇ ਆਪਣੀ ਹਾਜ਼ਰੀ ਲਗਵਾਈ ।ਸੋਹਣ ਸਿੰਘ ਭੁੱਚੋ ਨੇ ਆਪਣੀ ਭਾਵਪੂਰਤ ਕਵਿਤਾ ਪੇਸ਼ ਕੀਤੀ ।ਜਸਵੀਰ ਸਿੰਘ ਸਿਹੋਤਾ ਨੇ ਕਵਿਤਾ ਸੁਣਾਈ ।ਮੀਤ ਪ੍ਰਧਾਨ ਜੋਰਾਵਰ ਸਿੰਘ ਨੇ ਬੱਚਿਆਂ ਦੇ 13ਵੇਂ ਪੰਜਾਬੀ ਬੋਲਣ ਦੀ ਮੁਹਾਰਤ ਦੇ ਸਮਾਗਮ ਜੋ ਕਿ 20 ਜੂਨ 2026 ਦਿਨ ਸ਼ਨਿਚਰਵਾਰ ਨੂੰ ਵਾਈਟਹੋਰਨ ਕਮਿਊਨਿਟੀ ਹਾਲ ਵਿਖੇ ਕਰਵਾਏ ਜਾਣਗੇ ਬਾਰੇ ਜਾਣਕਾਰੀ ਸਾਂਝੀ ਕੀਤੀ ।ਕਾਰਜਕਾਰੀ ਕਮੇਟੀ ਅਤੇ ਬੱਚਿਆਂ ਦੀ ਸ਼ਮੂਲੀਅਤ ਵਿੱਚ ਪੋਸਟਰ ਰੀਲੀਜ ਕੀਤਾ ਗਿਆ ।ਸੁਖਵੀਰ ਗਰੇਵਾ਼ਲ ਬੱਚਿਆਂ ਦੇ ਸਮਾਗਮ ਬਾਰੇ ਆਪਣੇ ਤਜਰਬੇ ਸਾਂਝੇ ਕੀਤੇ। ਪੰਜਾਬੀ ਲਿਖਾਰੀ ਸਭਾ ਕੈਲਗਰੀ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਇਹ ਇੱਕੋ-ਇੱਕ ਸਾਹਿਤਕ ਸੰਸਥਾ ਹੈ ਜੋ ਲੰਮੇ ਸਮੇਂ ਤੋਂ ਨਵੀਂ ਪੀੜ੍ਹੀ ਨੂੰ ਪੰਜਾਬੀ ਨਾਲ ਜੋੜਨ ਯਤਨ ਕਰ ਰਹੀ ਹੈ ।ਛੋਟੇ ਬੱਚਿਆਂ ਪ੍ਰਭਨੂਰ ਸਿੰਘ ਅਤੇ ਸਾਹਿਬਪ੍ਰੀਤ ਸਿੰਘ ਨੇ ਪਿਆਰੀ ਅਵਾਜ਼ ਵਿੱਚ ਆਪਣੀ ਕਵਿਤਾ 'ਰਹਿੰਦੇ ਵਿੱਚ ਕੈਨੇਡਾ ਸਾਡੇ ਅੰਦਰੋਂ ਪੰਜਾਬੀ ਬੋਲੇ 'ਪੇਸ਼ ਕੀਤੀ ।ਮੈਡਮ ਗੁਰਚਰਨ ਕੌਰ ਥਿੰਦ ਨੇ ਜੰਗ ਬਾਰੇ ਲਿਖੀ ਕਵਿਤਾ ਸੁਣਾਈ ।ਤਿਰਲੋਚਨ ਸੈਹਿੰਭੀ ਸ਼ਹੀਦੇ ਆਜਮ ਸਰਦਾਰ ਭਗਤ ਸਿੰਘ ਦੀ ਸ਼ਹੀਦੀ ਦਿਹਾੜੇ ਨੂੰ ਯਾਦ ਕਰਦਿਆਂ ਬਲੰਦ ਅਵਾਜ਼ ਵਿੱਚ ਗੀਤ ਪੇਸ਼ ਕੀਤਾ ।ਬਲਜਿੰਦਰ ਸੰਘਾ ਨੇ ਸਰਦਾਰ ਭਗਤ ਸਿੰਘ ਤੇ ਕਮਾਲ ਦੀ ਕਵਿਤਾ ਪੇਸ਼ ਕੀਤੀ ।ਜਗਤਾਰ ਜਗਰਾਓਂ, ਮੰਗਲ ਚੱਠਾ ਅਤੇ ਸੁਖਵਿੰਦਰ ਸਿੰਘ ਥਿੰਦ ਨੇ ਆਪਣੇ ਵਿਚਾਰ ਸਾਂਝੇ ਕੀਤੇ।ਗੁਰਲਾਲ ਸਿੰਘ ਨੇ ਮਿੰਨੀ ਕਹਾਣੀ ' ਇੱਜ਼ਤ' ਸੁਣਾਈ ।ਡਾ. ਪਰਮਜੀਤ ਕੋਰ ਨੇ ਸ਼ਬਦ ਗਾਇਨ ਕੀਤਾ ।ਪੈਰੀ ਮਾਹਲ ਨੇ ਭਾਰਤੀ ਜੰਗਾਂ ਦਾ ਇਤਿਹਾਸ ਫਰੋਲਿਆ ।ਹੋਰਾਂ ਤੋਂ ਇਲਾਵਾ ਪ੍ਰਧਾਨ ਰਣਜੀਤ ਸਿੰਘ, ਬਲਵੀਰ ਗੋਰਾ ਅਤੇ ਅੰਗਦ ਸਿੰਘ ਸ਼ਾਮਲ ਹੋਏ । ਚਾਹ-ਪਾਣੀ ਅਤੇ ਫੋਟੋਗ੍ਰਾਫੀ ਦੀ ਸੇਵਾ ਜਗਤਾਰ ਜਗਰਾਓਂ ਨੇ ਨਿਭਾਈ ।ਆਖਿਰ ਵਿਚ ਮੀਤ ਪ੍ਰਧਾਨ ਜੋਰਾਵਰ ਨੇ ਸਭ ਦਾ ਧੰਨਵਾਦ ਕਰਦਿਆਂ ਅਗਲੀ ਮਹੀਨਾਵਾਰ ਮੀਟਿੰਗ ਜੋ 18 ਅਪ੍ਰੈਲ ਨੂੰ ਕੋਸੋ ਹਾਲ ਵਿੱਚ ਹੋਵੇਗੀ ਬਾਰੇ ਜਾਣਕਾਰੀ ਦਿੱਤੀ ।

**ਹੋਰ ਜਾਣਕਾਰੀ ਲਈ ਤੁਸੀਂ ਪ੍ਰਧਾਨ ਰਣਜੀਤ ਸਿੰਘ 825 735 1466 ਜਨਰਲ ਸਕੱਤਰ ਦਵਿੰਦਰ ਮਲਹਾਂਸ 403 993 2201 ਤੇ ਸੰਪਰਕ ਕਰ ਸਕਦੇ ਹੋ ।**

# ਬਰਫ਼ੀਲੇ ਤੂਫ਼ਾਨ ਮਗਰੋਂ ਸੁਡਬਰੀ 'ਚ ਸਮੁੱਚਾ ਜਨ ਜੀਵਨ ਪ੍ਰਭਾਵਿਤ

**ਵੈਨਕੂਵਰ, 24 ਮਾਰਚ (ਮਲਕੀਤ ਸਿੰਘ)** - ਕਨੇਡਾ ਦੇ ਸੁਡਬਰੀ ਸ਼ਹਿਰ ਵਿੱਚ ਹਾਲ ਹੀ ਦੇ ਭਿਆਨਕ ਬਰਫ਼ੀਲੇ ਤੂਫ਼ਾਨ ਕਾਰਨ ਸਮੁੱਚਾ ਜਨਜੀਵਨ ਪੂਰੀ ਤਰ੍ਹਾਂ ਪ੍ਰਭਾਵਿਤ ਹੋ ਗਿਆ ਸੀ,ਪ੍ਰੰਤੂ ਹੁਣ ਉੱਥੇ ਹਾਲਾਤ ਹੌਲੀ-ਹੌਲੀ ਸਧਾਰਨ ਹੋਣ ਲੱਗੇ ਹਨ ਅਤੇ ਕੁਝ ਸਕੂਲ ਬੱਸ ਰੂਟ ਮੁੜ ਚਾਲੂ ਕਰ ਦਿੱਤੇ ਗਏ ਹਨ। ਪ੍ਰਾਪਤ ਜਾਣਕਾਰੀ ਮੁਤਾਬਕ ਪਿਛਲੇ ਹਫ਼ਤੇ ਆਏ ਇਤਿਹਾਸਕ ਤੂਫ਼ਾਨ ਕਾਰਨ ਆਵਾਜਾਈ ਪ੍ਰਣਾਲੀ ਬੁਰੀ ਤਰ੍ਹਾਂ ਪ੍ਰਭਾਵਿਤ ਹੋ ਗਈ ਸੀ, ਜਿਸ ਨਾਲ ਵਿਦਿਆਰਥੀਆਂ ਅਤੇ ਮਾਪਿਆਂ ਨੂੰ ਕਾਫ਼ੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ। ਜਾਣਕਾਰੀ




**ਬਰਫ਼ ਨਾਲ ਢੱਕੀ ਸੁਡਬਰੀ ਵਿੱਚ ਖੜੀ ਸਕੂਲ ਬੱਸ**

ਅਨੁਸਾਰ ਹੁਣ ਸ਼ਹਿਰ ਵਿੱਚ ਹਾਲਾਤ ਸੁਧਰ ਰਹੇ ਹਨ ਅਤੇ ਕੁਝ ਇਲਾਕਿਆਂ ਵਿੱਚ ਸਕੂਲ ਬੱਸਾਂ ਦੀ ਸੇਵਾ ਮੁੜ ਸ਼ੁਰੂ ਹੋ ਗਈ ਹੈ, ਹਾਲਾਂਕਿ ਕੁਝ ਰੂਟਾਂ 'ਤੇ ਅਜੇ ਵੀ ਸਮੱਸਿਆਵਾਂ ਜਾਰੀ ਹਨ। ਸਕੂਲ ਬੋਰਡ ਵੱਲੋਂ ਸਪਸ਼ਟ ਕੀਤਾ ਗਿਆ ਹੈ ਕਿ ਇਸ ਵੇਲੇ ਆਨਲਾਈਨ ਪੜਾਈ ਬਾਰੇ ਕੋਈ ਵਿਚਾਰ ਨਹੀਂ ਕੀਤਾ ਜਾ ਰਿਹਾ ਇਸ ਦੇ ਨਾਲ ਹੀ ਸ਼ਹਿਰ ਪ੍ਰਸ਼ਾਸਨ ਵੱਲੋਂ ਲੈਂਡਫ਼ਿਲ ਸਾਈਟ ਨੂੰ ਮੁੜ ਖੋਲ੍ਹਣ 'ਤੇ ਵੀ ਵਿਚਾਰ ਕੀਤਾ ਜਾ ਰਿਹਾ ਹੈ, ਤਾਂ ਜੋ ਸਫ਼ਾਈ ਕਾਰਜ ਨੂੰ ਤੇਜ਼ੀ ਮਿਲ ਸਕੇ।

# 36ਵੇਂ ਮਹਾਂ ਪਵਿੱਤਰ ਗੁਰਮਤਿ ਸਮਾਗਮ ਤੇ ਮਨੁੱਖਤਾ ਦੇ ਭਲੇ ਲਈ ਖੂਨਦਾਨ ਕੈਂਪ ਲਾਇਆ

## ਮਾਤਾ ਵਿਪਨਪ੍ਰੀਤ ਕੌਰ, ਸੰਤ ਅਮੀਰ ਸਿੰਘ, ਭਾਈ ਅਮਨਦੀਪ ਸਿੰਘ, ਭਾਈ ਗੁਰਸ਼ਰਨ ਸਿੰਘ, ਭਾਈ ਸੋਢੀ ਨੇ ਜੱਥੇਦਾਰ ਨਿਮਾਣਾ ਵੱਲੋਂ ਕੀਤੇ ਜਾ ਨਿਸ਼ਕਾਮ ਕਾਰਜਾਂ ਦੀ ਸ਼ਲਾਘਾ ਕੀਤੀ

**ਲੁਧਿਆਣਾ 24 ਮਾਰਚ (ਕਰਨੈਲ ਸਿੰਘ ਐੱਮ.ਏ.)** 36ਵੇਂ ਮਹਾਂ ਪਵਿੱਤਰ ਗੁਰਮਤਿ ਸਮਾਗਮ ਮੌਕੇ ਭਾਈ ਘਨੱਈਆ ਜੀ ਮਿਸ਼ਨ ਸੇਵਾ ਸੁਸਾਇਟੀ (ਰਜਿ:) ਦੇ ਮੁੱਖ ਸੇਵਾਦਾਰ ਜਥੇਦਾਰ ਤਰਨਜੀਤ ਸਿੰਘ ਨਿਮਾਣਾ ਵੱਲੋਂ ਮਨੁੱਖਤਾ ਦੇ ਭਲੇ ਲਈ ਲਗਾਇਆ ਗਿਆ 878ਵਾਂ ਮਹਾਨ ਖੂਨਦਾਨ ਕੈਂਪ ਆਪਣੇ ਆਪ ਵਿੱਚ ਇੱਕ ਮਹਾਨ ਸੇਵਾ ਕਾਰਜ ਹੈ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਪੰਥ ਦੇ ਪ੍ਰਸਿੱਧ ਕੀਰਤਨੀਏ ਅਤੇ ਗੁਰ-ਮਤਿ ਸਮਾਗਮ ਦੇ ਮੁੱਖ ਪ੍ਰਬੰਧਕ ਭਾਈ ਦਵਿੰਦਰ ਸਿੰਘ ਸੋਢੀ ਨੇ ਖੂਨਦਾਨ ਕੈਂਪ ਦੀ ਆਰੰਭਤਾ ਮੌਕੇ ਇਕੱਤਰ ਹੋਈਆਂ ਪ੍ਰਮੁੱਖ ਸ਼ਖ਼ਸੀਅਤਾਂ ਅਤੇ ਖੂਨਦਾਨ ਕਰਨ ਵਾਲੇ ਦਾਨੀਆਂ ਨੂੰ ਸੰਬੋਧਨ ਕਰਦਿਆਂ ਹੋਇਆਂ ਕੀਤਾ। ਉਨ੍ਹਾਂ ਨੇ ਕਿਹਾ ਕਿ ਗੁਰਦੁਆਰਾ ਸ਼੍ਰੀ ਸੁਖਮਨੀ ਸਾਹਿਬ ਦੇ ਪ੍ਰਧਾਨ ਸ੍: ਅਰਵਿੰਦਰ ਸਿੰਘ



ਸੰਧੂ ਅਤੇ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਮੂਹ ਮੈਂਬਰ ਸਾਹਿਬਾਨ ਦੇ ਪੂਰਨ ਸਹਿਯੋਗ ਨਾਲ ਗੁਰਦੁਆਰਾ ਸ਼੍ਰੀ ਸੁਖਮਨੀ ਸਾਹਿਬ ਫੇਸ-2, ਦੁੱਗਰੀ ਲੁਧਿਆਣਾ ਵਿਖੇ ਲਗਾਇਆ ਗਿਆ ਮਹਾਨ ਖੂਨਦਾਨ ਕੈਂਪ ਮਨੁੱਖੀ ਜ਼ਿੰਦਗੀਆਂ ਨੂੰ ਸੁਰੱਖਿਅਤ ਰੱਖਣ ਦਾ ਪ੍ਰੇਰਣਾਦਾਇਕਾ ਸ਼ੰਦੇਸ਼ ਦੇਂਦੀ ਹੈ। ਇਸ ਲਈ ਹਰ ਮਨੁੱਖ ਦਾ ਫਰਜ਼ ਬਣਦਾ ਹੈ ਕਿ ਉਹ ਸੇਵਾ ਕਾਰਜ ਦੇ ਇਸ ਮਹਾਨ ਯੱਗ ਵਿੱਚ ਆਪਣਾ ਬਣਦਾ ਯੋਗਦਾਨ ਪਾਵੇ। ਇਸ ਦੌਰਾਨ ਭਾਈ ਦਵਿੰਦਰ ਸਿੰਘ ਸੋਢੀ ਨੇ ਜੱਥੇਦਾਰ ਨਿਮਾਣਾ ਤੇ ਉਨ੍ਹਾਂ ਦੀ ਟੀਮ ਦੇ ਸਮੂਹ ਮੈਂਬਰਾਂ ਦੀ ਸ਼ਲਾਘਾ ਕਰਦਿਆਂ ਉਹਨਾਂ ਨੂੰ ਸਿਰੋਪਾਉ ਭੇਂਟ ਕਰਕੇ ਸਨਮਾਨਿਤ ਕੀਤਾ। ਇਸ ਮੌਕੇ ਉਨ੍ਹਾਂ ਦੇ ਨਾਲ ਵਿਸ਼ੇਸ਼ ਤੌਰ ਤੇ ਹਾਜ਼ਰ ਮਾਤਾ ਵਿਪਨਪ੍ਰੀਤ ਕੌਰ, ਸੰਤ ਬਾਬਾ ਅਮੀਰ ਸਿੰਘ ਜੀ, ਭਾਈ ਅਮਨਦੀਪ ਸਿੰਘ ਮਾਤਾ ਕੌਲਾਂ ਵਾਲੇ, ਭਾਈ ਗੁਰਸ਼ਰਨ ਸਿੰਘ ਲੁਧਿਆਣੇ ਵਾਲੇ, ਗੁਰਦੁਆਰਾ ਸਾਹਿਬ ਦੇ ਪ੍ਰਧਾਨ ਅਰਵਿੰਦਰ ਸਿੰਘ ਸੰਧੂ ਨੇ ਵੀ ਜੱਥੇਦਾਰ ਤਰਨਜੀਤ ਸਿੰਘ ਨਿਮਾਣਾ ਦੇ ਕਾਰਜਾਂ ਦੀ ਸ਼ਲਾਘਾ ਕੀਤੀ ਅਤੇ ਭਾਈ ਦਵਿੰਦਰ ਸਿੰਘ ਸੋਢੀ ਦੇ ਸਾਥੀ ਪੰਥ ਦੇ ਮਹਾਨ ਕੀਰਤਨੀਏ ਭਾਈ ਜਗਪ੍ਰੀਤ ਸਿੰਘ ਜਗਾ, ਦਲੀਪ ਸਿੰਘ ਖੁਰਾਣਾ, ਚਰਨਜੀਤ ਸਿੰਘ ਬੌਬੀ ਸਮੇਤ ਖੂਨਦਾਨ ਕਰਨ ਵਾਲੇ ਵਿਅਕਤੀਆਂ ਦੀ ਹੌਸਲਾ ਅਫਜ਼ਾਈ ਕਰਦਿਆਂ ਹੋਇਆਂ ਉਨ੍ਹਾਂ ਨੂੰ ਸਰਟੀਫ਼ਿਕੇਟ ਅਤੇ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਵੀ ਕੀਤਾ। ਇਸ ਮੌਕੇ ਤੇ ਗੁਰਦੁਆਰਾ ਕਲਗੀਧਰ ਦੇ ਪ੍ਰਧਾਨ ਗੁਰਮੀਤ ਸਿੰਘ, ਮਨਿੰਦਰ ਸਿੰਘ ਆਹੂਜਾ, ਜਰਨੈਲ ਸਿੰਘ, ਭੁਪਿੰਦਰ ਸਿੰਘ ਧਵਨ, ਦਰਸ਼ਨ ਸਿੰਘ, ਮਨਜੀਤ ਸਿੰਘ ਮੱਕੜ, ਬਲਦੇਵ ਸਿੰਘ ਸੰਧੂ, ਪ੍ਰਕਾਸ਼ ਸਿੰਘ, ਸਰਬਜੀਤ ਸਿੰਘ ਸੋਹਲ, ਹਰਦੀਪ ਸਿੰਘ ਬਿੱਟੂ, ਬਹਾਦਰ ਸਿੰਘ, ਕੁਲਪ੍ਰੀਤ ਸਿੰਘ, ਕਰਮਜੀਤ ਸਿੰਘ ਧੰਨਾ, ਰਵਨੂਰ ਸਿੰਘ, ਅਮਨਜੋਤ ਸਿੰਘ, ਇੰਦਰਜੀਤ ਸਿੰਘ ਮਿੱਠੂ ਆਦਿ ਹਾਜ਼ਰ ਸਨ ।

# 27 ਮਾਰਚ ਨੂੰ ਨੰਗਲ ਦੇ ਵਕੀਲਾਂ ਨੂੰ ਮਿਲਣਗੇ ਨਵੇਂ ਚੈਂਬਰ- ਹਰਜੋਤ ਸਿੰਘ ਬੈਂਸ

## ● ਬੀ.ਬੀ.ਐੱਮ.ਬੀ ਵੱਲੋਂ ਸਪਲਾਈ ਨਾ ਹੋਈ ਤਾਂ ਸਰਕਾਰ ਖੁਦ ਦੇਵੇਗੀ ਬਿਜਲੀ- ਕੈਬਨਿਟ ਮੰਤਰੀ ● ਵਕੀਲ ਭਾਈਚਾਰੇ ਲਈ 300 ਯੂਨਿਟ ਮੁਫ਼ਤ ਬਿਜਲੀ ਦਾ ਐਲਾਨ ● ਨੰਗਲ ਵਿੱਚ 5 ਏਕੜ ਵਿੱਚ ਨਵਾਂ ਆਧੁਨਿਕ ਜੁਡੀਸ਼ੀਅਲ ਕੰਪਲੈਕਸ ਬਣੇਗਾ- ਬੈਂਸ

**ਰੂਪਨਗਰ /ਨੰਗਲ (ਜਤਿੰਦਰ ਪਾਲ ਸਿੰਘ ਕਲੇਰ )** ਪੰਜਾਬ ਦੇ ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਨੇ ਐਲਾਨ ਕੀਤਾ ਹੈ ਕਿ 27 ਮਾਰਚ ਨੂੰ ਨੰਗਲ ਦੇ ਵਕੀਲ ਸਾਹਿਬਾਨਾਂ ਨੂੰ ਨਵੇਂ ਚੈਂਬਰ ਸੌਂਪੇ ਜਾਣਗੇ। ਇਹ ਕਦਮ ਵਕੀਲਾਂ ਦੀ ਲੰਬੇ ਸਮੇਂ ਤੋਂ ਚੱਲ ਰਹੀ ਮੰਗ ਨੂੰ ਪੂਰਾ ਕਰਦਾ ਹੈ ਅਤੇ ਇਸ ਨਾਲ ਉਨ੍ਹਾਂ ਨੂੰ ਆਪਣੇ ਕੰਮਕਾਜ ਲਈ ਸੁਵਿਧਾਜਨਕ ਮਾਹੌਲ ਮਿਲੇਗਾ।

ਕੈਬਨਿਟ ਮੰਤਰੀ ਨੇ ਦੱਸਿਆ ਕਿ ਵਕੀਲ ਭਾਈਚਾਰੇ ਦੀਆਂ ਜ਼ਰੂਰਤਾਂ ਨੂੰ ਧਿਆਨ ਵਿੱਚ ਰੱਖਦਿਆਂ ਇਹ ਚੈਂਬਰ ਤਿਆਰ ਕੀਤੇ ਗਏ ਹਨ। ਇਨ੍ਹਾਂ ਚੈਂਬਰਾਂ ਵਿੱਚ ਬੁਨਿਆਦੀ ਸਹੂਲਤਾਂ ਦੇ ਨਾਲ-ਨਾਲ ਆਧੁਨਿਕ ਸੁਵਿਧਾਵਾਂ ਦਾ ਵੀ ਪ੍ਰਬੰਧ ਕੀਤਾ ਗਿਆ ਹੈ, ਤਾਂ ਜੋ ਵਕੀਲ ਆਪਣੇ ਪੇਸ਼ੇਵਰ ਕੰਮ ਨੂੰ ਹੋਰ ਪ੍ਰਭਾਵਸ਼ਾਲੀ ਢੰਗ ਨਾਲ ਅੰਜਾਮ ਦੇ ਸਕਣ। ਉਨ੍ਹਾਂ ਕਿਹਾ ਕਿ ਮਾਨ ਸਰਕਾਰ ਵਕੀਲਾਂ ਦੀ ਭਲਾਈ ਲਈ ਵਚਨਬੱਧ ਹੈ।

ਇਸ ਦੇ ਨਾਲ ਹੀ ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਨੇ ਬਿਜਲੀ ਸਪਲਾਈ ਸਬੰਧੀ ਵੀ ਵੱਡਾ ਐਲਾਨ ਕੀਤਾ। ਉਨ੍ਹਾਂ ਕਿਹਾ ਕਿ ਜੇਕਰ ਭਾਖੜਾ ਬਿਆਸ



ਮੈਨੇਜਮੈਂਟ ਬੋਰਡ (ਬੀ.ਬੀ.ਐਮ.ਬੀ) ਵੱਲੋਂ ਪਾਵਰ ਸਪਲਾਈ ਮੁਹੱਈਆ ਨਹੀਂ ਕਰਵਾਈ ਜਾਂਦੀ, ਤਾਂ ਪੰਜਾਬ ਸਰਕਾਰ ਆਪਣੇ ਵੱਲੋਂ ਪਾਵਰ ਲਾਈਨ ਵਿਛਾਏਗੀ ਅਤੇ ਪੱਕੇ ਮੀਟਰ ਲਗਾਏਗੀ। ਇਸ ਤੋਂ ਇਲਾਵਾ ਵਕੀਲ ਭਾਈਚਾਰੇ ਨੂੰ 300 ਯੂਨਿਟ ਮੁਫ਼ਤ ਬਿਜਲੀ ਵੀ ਦਿੱਤੀ ਜਾਵੇਗੀ, ਜਿਸ ਨਾਲ ਉਨ੍ਹਾਂ ਨੂੰ ਵੱਡੀ ਰਾਹਤ ਮਿਲੇਗੀ।

ਕੈਬਨਿਟ ਮੰਤਰੀ ਨੇ ਹੋਰ ਦੱਸਿਆ ਕਿ ਨੰਗਲ ਵਿੱਚ ਨਿਆਂ ਪ੍ਰਣਾਲੀ ਨੂੰ ਮਜ਼ਬੂਤ ਕਰਨ ਲਈ ਇੱਕ ਹੋਰ ਮਹੱਤਵਪੂਰਨ ਕਦਮ ਚੁੱਕਿਆ ਜਾ ਰਿਹਾ ਹੈ। ਪੰਜਾਬ ਅਤੇ ਹਰਿਆਣਾ ਹਾਈਕੋਰਟ ਨਾਲ ਵਿਚਾਰ-ਵਟਾਂਦਰਾ ਕਰਕੇ ਨੰਗਲ ਵਿੱਚ ਲਗਭਗ 5 ਏਕੜ ਜ਼ਮੀਨ 'ਤੇ ਇੱਕ ਸ਼ਾਨਦਾਰ ਅਤੇ ਆਧੁਨਿਕ ਕੋਰਟ ਜੁਡੀਸ਼ੀਅਲ ਕੰਪਲੈਕਸ ਬਣਾਇਆ ਜਾਵੇਗਾ। ਇਹ ਕੰਪਲੈਕਸ ਆਉਣ ਵਾਲੇ ਸਮੇਂ ਵਿੱਚ ਨਿਆਂ ਪ੍ਰਕਿਰਿਆ ਨੂੰ ਹੋਰ ਸੁਚੱਜਾ ਅਤੇ ਤੇਜ਼ ਬਣਾਉਣ ਵਿੱਚ ਸਹਾਇਕ ਸਾਬਤ ਹੋਵੇਗਾ।

ਉਨ੍ਹਾਂ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸੂਬੇ ਵਿੱਚ ਹਰ ਵਰਗ ਦੀ ਭਲਾਈ ਲਈ ਲਗਾਤਾਰ ਕੰਮ ਕੀਤਾ ਜਾ ਰਿਹਾ ਹੈ। ਨੰਗਲ ਦੇ ਵਕੀਲਾਂ ਲਈ ਚੈਂਬਰ, ਬਿਜਲੀ ਸਹੂਲਤ ਅਤੇ ਨਵੇਂ ਜੁਡੀਸ਼ੀਅਲ ਕੰਪਲੈਕਸ ਦੀ ਯੋਜਨਾ ਇਸ ਗੱਲ ਦਾ ਸਬੂਤ ਹੈ ਕਿ ਸਰਕਾਰ ਹਰ ਵਰਗ ਦੀਆਂ ਜ਼ਰੂਰਤਾਂ ਨੂੰ ਸਮਝ ਕੇ ਉਨ੍ਹਾਂ ਨੂੰ ਪੂਰਾ ਕਰਨ ਲਈ ਗੰਭੀਰ ਹੈ। ਇਸ ਮੌਕੇ ਡਾ.ਸੰਜੀਵ ਗੌਤਮ ਜਿਲ੍ਹਾ ਪ੍ਰਧਾਨ ਰੂਪਨਗਰ ਆਮ ਆਦਮੀ ਪਾਰਟੀ ਤੇ ਵੱਡੀ ਗਿਣਤੀ ਵਿਚ ਵਕੀਲ ਭਾਈਚਾਰਾ ਹਾਜ਼ਰ ਸੀ।

# ਪੰਜਾਬੀ ਨੌਜਵਾਨ ਦੇ ਕਤਲ ਮਾਮਲੇ 'ਚ 18 ਸਾਲਾਂ ਨੌਜਵਾਨ ਗ੍ਰਿਫਤਾਰ

**ਵੈਨਕੂਵਰ, (ਮਲਕੀਤ ਸਿੰਘ)** - ਕੈਨੇਡਾ ਦੇ ਅਲਬਰਟਾ ਸੂਬੇ ਵਿੱਚ ਲਡੂਕ ਨੇੜੇ ਵਾਪਰੀ ਗੋਲੀਬਾਰੀ ਦੀ ਘਟਨਾ ਵਿੱਚ 22 ਸਾਲਾ ਪੰਜਾਬੀ ਨੌਜਵਾਨ ਬਿਰਿੰਦਰ ਸਿੰਘ ਦੇ ਕਤਲ ਮਾਮਲੇ ਵਿੱਚ ਪੁਲਿਸ ਨੇ ਇੱਕ 18 ਸਾਲਾ ਗੋਰੇ ਨੌਜਵਾਨ ਨੂੰ ਗ੍ਰਿਫਤਾਰ ਕੀਤਾ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਇਹ ਘਟਨਾ 14 ਮਾਰਚ ਨੂੰ ਕਵੀਨ ਐਲਿਜ਼ਾਬੇਥ ਦੂਜਾ ਹਾਈਵੇ 'ਤੇ ਵਾਪਰੀ, ਜਦੋਂ ਤਿੰਨ ਦੋਸਤ ਆਪਣੀ ਕਾਰ ਵਿੱਚ ਸੈਰ ਲਈ ਜਾ ਰਹੇ ਸਨ। ਇਸ ਦੌਰਾਨ ਇੱਕ ਪਿਕਅੱਪ ਟਰੱਕ ਉਨ੍ਹਾਂ ਦੇ ਨੇੜੇ ਆਇਆ ਅਤੇ ਟਰੱਕ ਵਿੱਚ ਸਵਾਰ ਵਿਅਕਤੀ ਵੱਲੋਂ ਹੱਥ ਨਾਲ ਇਸ਼ਾਰਾ ਕੀਤਾ ਗਿਆ। ਜਵਾਬ ਵਿੱਚ ਕਾਰ ਚਲਾ ਰਹੇ ਬਿਰਿੰਦਰ ਸਿੰਘ ਨੇ ਵੀ ਬਾਂਹ ਬਾਹਰ ਕੱਢ ਕੇ ਹੱਥ ਹਿਲਾਇਆ, ਜਿਸ ਤੋਂ ਬਾਅਦ ਟਰੱਕ ਵਿੱਚੋਂ ਅਚਾਨਕ ਗੋਲੀ ਚਲਾਈ ਗਈ। ਗੋਲੀ



ਮਿਰਤਕ ਪੰਜਾਬੀ ਨੌਜਵਾਨ ਦੀ ਇੱਕ ਤਸਵੀਰ

ਬਿਰਿੰਦਰ ਸਿੰਘ ਦੀ ਗਰਦਨ ਵਿੱਚ ਲੱਗੀ, ਜਿਸ ਕਾਰਨ ਉਸ ਦੀ ਮੌਕੇ 'ਤੇ ਹੀ ਮੌਤ ਹੋ ਗਈ। ਘਟਨਾ ਦੌਰਾਨ ਮੌਜੂਦ ਹੋਰ ਦੋ ਨੌਜਵਾਨਾਂ ਨੇ ਕਿਸੇ ਤਰ੍ਹਾਂ ਕਾਰ ਨੂੰ ਕਾਬੂ ਕਰਕੇ ਹਾਈਵੇ ਦੇ ਕਿਨਾਰੇ ਲਗਾਇਆ ਅਤੇ ਪੁਲਿਸ ਨੂੰ ਸੂਚਿਤ ਕੀਤਾ। ਪੁਲਿਸ ਅਨੁਸਾਰ ਇਸ ਮਾਮਲੇ ਵਿੱਚ 18 ਸਾਲਾ ਜਿੰਮੀ ਗੈਸਨਰ ਨੂੰ ਸਸਕੈਚਵਨ ਤੋਂ ਗ੍ਰਿਫਤਾਰ ਕੀਤਾ ਗਿਆ ਹੈ ਅਤੇ ਉਸ ਉੱਤੇ ਦੂਜੇ ਦਰਜੇ ਦੇ ਕਤਲ ਦੇ ਦੋਸ਼ ਲਗਾਏ ਗਏ ਹਨ। ਅਧਿਕਾਰੀਆਂ ਦਾ ਕਹਿਣਾ ਹੈ ਕਿ ਗੋਲੀ ਚੱਲਣ ਦੇ ਅਸਲ ਕਾਰਣਾਂ ਦੀ ਜਾਂਚ ਹਾਲੇ ਜਾਰੀ ਹੈ ਅਤੇ ਹੋਰ ਵੇਰਵੇ ਜਾਂਚ ਮਗਰੋਂ ਸਾਹਮਣੇ ਆਉਣਗੇ।

# ਸਲਾਹ ਮਸ਼ਵਰਾ ਕਰਨ ਦੀ ਰੀਤ



ਘਰ ਬਾਰ ਚਲਾਉਂਦਿਆਂ ਜਾਂ ਸਮਾਜ ਵਿੱਚ ਵਿਚਰਦਿਆਂ ਰੋਜ਼ਾਨਾ ਕਈ ਇਹੋ ਜਿਹੇ ਕੰਮ ਧੰਦੇ ਕਰਨ ਵਾਲੇ ਹੁੰਦੇ ਹਨ ਜਦੋਂ ਸਾਨੂੰ ਕਿਸੇ ਨਾ ਕਿਸੇ ਦੀ ਸਲਾਹ ਲੈਣੀ ਪੈਂਦੀ ਹੈ ਜਾਂ ਫਿਰ ਕਿਸੇ ਨੂੰ ਸਲਾਹ ਦੇਣੀ ਵੀ ਪੈਂਦੀ ਹੈ। ਸਲਾਹ ਮਸ਼ਵਰਾ ਕਰਨਾ ਸਾਡੀ ਜ਼ਿੰਦਗੀ ਦਾ ਇੱਕ ਅਹਿਮ ਪੱਖ ਹੈ ਤੇ ਸਲਾਹਕਾਰ ਦੀ ਉਸ ਤੋਂ ਵੀ ਵੱਧ ਅਹਿਮੀਅਤ ਹੁੰਦੀ ਹੈ। ਵੱਡਿਆਂ ਵੱਡਿਆਂ ਅਹੁਦੇਦਾਰਾਂ ਦੇ ਸਲਾਹਕਾਰ ਵੀ ਨਿਯੁਕਤ ਕੀਤੇ ਜਾਂਦੇ ਹਨ। ਪਰ ਆਮ ਜ਼ਿੰਦਗੀ ਵਿੱਚ ਵੱਡਿਆਂ ਤੋਂ ਸਲਾਹ ਲੈਣੀ ਜਾਂ ਫਿਰ ਕਿਸੇ ਦਾਨੇ ਸਾਨੇ ਬਜ਼ੁਰਗ ਤੋਂ ਸਲਾਹ ਲੈ ਕੇ ਕੰਮ ਕਰਨਾ ਤਾਂ ਸਾਡੀ ਸਦੀਆਂ ਤੋਂ ਚੱਲੀ ਆ ਰਹੀ ਰੀਤ ਹੈ। ਪਿੰਡ ਵਿੱਚ ਕੋਈ ਨਾ ਕੋਈ ਸਿਆਣੀ ਬੁੜੀ ਜਾਂ ਬਾਬਾ ਜ਼ਰੂਰ ਹੁੰਦੇ ਸਨ ਜਿਸ ਤੋਂ ਪਿੰਡ ਦੇ ਸਾਰੇ ਲੋਕ ਆਪਣੇ ਕਾਰਜਾਂ ਲਈ ਅਕਸਰ ਸਲਾਹ ਲੈਣ ਜਾਂਦੇ ਹੁੰਦੇ ਸਨ। ਜਦੋਂ ਕਿਸੇ ਨੇ ਕੋਈ ਵੱਡਾ ਕਾਰਜ ਕਰਨਾ ਹੁੰਦਾ ਸੀ ਤਾਂ ਆਪਾਂ ਅਕਸਰ ਇਹ ਗੱਲ ਜਰੂਰ ਕਿਤੇ ਨਾ ਕਿਤੇ ਸੁਣਦੇ ਰਹਿੰਦੇ ਸੀ ," ...... ਫ਼ਲਾਣਿਆਂ ਕੇ ਬਾਬੇ ਤੋਂ ਪੁੱਛ ਲਓ...... ਉਹ ਹਮੇਸ਼ਾ ਸਹੀ ਸਲਾਹ ਦਿੰਦੇ ਨੇ..... ਊਂ ਤਾਂ.... ਪਿੰਡ ਦੇ ਸਾਰੇ ਲੋਕ ਈ ਓਹਦੀ ਸਲਾਹ ਲੈ ਕੇ ਕੰਮ ਕਰਦੇ ਨੇ.....ਓਹ ਕਿਸੇ ਨੂੰ ਗਲਤ ਰਾਇ ਨੀ ਦਿੰਦੇ.....!" ਜਾਂ ਫਿਰ ਪਿੰਡ ਦੀ ਕਿਸੇ ਸਿਆਣੀ ਬੇਬੇ ਬਾਰੇ ਪਿੰਡ ਦੀਆਂ ਔਰਤਾਂ ਆਖਦੀਆਂ ਸੁਣੀਆਂ ਜਾਂਦੀਆਂ ਸਨ," ਮੈਂ ਤਾਈ ਬਿਸ਼ਨੀ ਦੀ ਸਲਾਹ ਲੈ ਕੇ ਆਉਨੀ ਆਂ...... ਕੱਲ੍ਹ ਨੂੰ ਕੁੜੀ ਦੇ ਸਹੁਰਿਆਂ ਤੋਂ ਰਿਸ਼ਤੇਦਾਰਾਂ ਨੇ ਆਉਣੈਂ..... ਉਹਨਾਂ ਨੂੰ ਕੀ ਦੇਣ ਦਾ ਸਾਡਾ ਹੱਕ ਬਣਦਾ.... ਤਾਈ ਸਹੀ ਸਲਾਹ ਦਿੰਦੀ ਆ..... ਸਾਰੀਆਂ ਉਹਦੇ ਤੋਂ ਈ ਸਲਾਹ ਲੈ ਕੇ ਕੰਮ ਕਰਦੀਆਂ ਨੇ..... ਨਹੀਂ ਤਾਂ ਸਾਡੇ ਚਾਚੀ ਜੀ ਤੋਂ ਸਲਾਹ ਮੰਗੋ..... ਉਹ ਤਾਂ ਭੰਬਲਭੂਸੇ ਵਿੱਚ ਹੀ ਪਾ ਦਿੰਦੇ ਨੇ......ਬੰਦੇ ਦੇ ਡਿਮਾਕ ਨੂੰ ਉਲਝਾ ਕੇ ਰੱਖ ਦਿੰਦੇ ਨੇ......!" ਕਈ ਵਾਰ ਆਪਾਂ ਨੇ ਕੰਮ ਚਾਹੇ ਆਪਣੀ ਮਰਜ਼ੀ ਨਾਲ ਕਰਨਾ ਹੁੰਦਾ ਹੈ ਪਰ ਘਰ ਦੇ ਸਿਆਣੇ ਨੂੰ ਮੁੱਖ ਰੱਖ ਕੇ ਉਸ ਦੇ ਸਤਿਕਾਰ ਵਜੋਂ ਉਸ ਦੀ ਸਲਾਹ ਪੁੱਛ ਲਈ ਜਾਂਦੀ ਹੈ ਜਿਸ ਵਿੱਚ ਉਹਨਾਂ ਦੀ ਸਲਾਹ ਨਾਲ਼ੋਂ ਵੱਧ ਆਪਣਾ ਫੈਸਲਾ ਸੁਣਾ ਕੇ ਉਹਨਾਂ ਤੋਂ 'ਹਾਂ' ਕਰਵਾਈ ਜਾਂਦੀ ਹੈ ਜਿਵੇਂ ਕੋਈ ਪਿਤਾ ਆਪਣੇ ਪੁੱਤਰ ਦੀ ਖ਼ਾਤਰ ਆਪਣੇ ਪਿਓ ਤੋਂ ਸਲਾਹ ਮੰਗ ਕੇ ਪੁੱਤਰ ਸਾਹਮਣੇ ਵੱਡਿਆਂ ਦਾ ਆਦਰ ਕਰਨ ਦੀ ਮਿਸਾਲ ਪੇਸ਼ ਕਰਦਾ ਹੈ ਉਦਾਹਰਨ ਵਜੋਂ ਘਰ ਦੇ ਨੌਜਵਾਨ ਬੱਚੇ ਨੇ ਆਪਣੇ ਦੋਸਤਾਂ ਨਾਲ਼ ਬਾਹਰ ਘੁੰਮਣ ਜਾਣ ਦੀ ਜ਼ਿੱਦ ਫੜੀ ਹੋਈ ਹੋਵੇ ਤਾਂ ਉਸ ਦਾ ਪਿਓ ਉਸ ਦੇ ਦਾਦੇ ਦੀ ਸਲਾਹ ਬਿਨਾਂ ਇਜਾਜ਼ਤ ਨਾ ਦੇਣ ਬਾਰੇ ਇੰਝ ਆਖੇਗਾ," ਦੇਖ਼ ਪੁੱਤਰ..... ਤੂੰ ਆਪਣੇ ਦੋਸਤਾਂ ਨਾਲ ਚਾਹੇ ਦੋ ਦਿਨ ਦੀ ਜਗ੍ਹਾ ਚਾਰ ਦਿਨ ਘੁੰਮ ਆਵੀਂ....ਪਰ ਜੇ ਤੇਰੇ ਦਾਦਾ ਜੀ ਇਜਾਜ਼ਤ ਦੇਣਗੇ.... ਮੈਂ ਤਾਂ ਅੱਜ ਤੱਕ ਉਹਨਾਂ ਦੀ ਸਲਾਹ ਬਿਨਾਂ ਕੋਈ ਕੰਮ ਨਹੀਂ ਕੀਤਾ....। " ਓਧਰ ਉਹੀ ਪਿਤਾ ਸਰਕਾਰੀ ਬਿਲ ਪਾਸ ਕਰਵਾਉਣ ਵਾਂਗ ਆਪਣੇ ਬਾਪੂ ਜੀ ਕੋਲੋਂ ਇਸ ਤਰ੍ਹਾਂ ਸਲਾਹ ਮੰਗੇਗਾ ਕਿ ਉਸ ਨੂੰ ਹਾਂ ਕਰਨੀ ਹੀ ਪੈਂਦੀ ਹੈ," ਬਾਪੂ ਜੀ.... ਆਪਣਾ ਜਵਾਨ.....ਪੇਪਰ ਦੇ ਕੇ ਹਟਿਆ ਸੀ.....ਓਹਦੇ ਦੋਸਤ ਘੁੰਮਣ ਚੱਲੇ ਨੇ....ਮੈਂ ਸੋਚਿਆ ਆਪਾਂ ਵੀ ਇਹਨੂੰ ਦੋ ਦਿਨ ਘੁੰਮਣ ਭੇਜ ਦੇਈਏ..... ਵਿਚਾਰਾ ਕਦੇ ਬਾਹਰ ਗਿਆ ਵੀ ਨੀ.... ਜੇ ਬਾਹਰ ਅੰਦਰ ਨੀ ਜਾਊਗਾ ਤਾਂ.... ਓਹਨੂੰ ਦੁਨੀਆਦਾਰੀ ਦੀ ਸਮਝ ਕਿਵੇਂ ਆਊ.....ਪਰ ਮੈਂ ਸੋਚਿਆ..... ਤੁਹਾਡੀ ਸਲਾਹ ਬਿਨਾਂ ਮੈਂ ਜਵਾਨ ਨੂੰ ਕਿਧਰੇ ਨੀ ਭੇਜਣਾ..... ਬਾਕੀ ਤੁਸੀਂ ਦੱਸ ਦਿਓ ਤੁਹਾਡੀ ਕੀ ਸਲਾਹ ਹੈ.....?" ਬਾਪੂ ਜੀ ਨੂੰ ਜਦ ਸਾਰੇ ਤਰਕ ਤਾਂ ਪਹਿਲਾਂ ਹੀ ਦੱਸ ਦਿੱਤੇ ਤਾਂ ਬਾਪੂ ਜੀ ਚਾਹੁੰਦੇ ਹੋਏ ਵੀ 'ਨਾਂਹ' ਨੀ ਆਖ ਸਕਦੇ ਤੇ ਇੰਝ ਸਲਾਹ ਦਿੰਦੇ ਹਨ," ਆਹੋ..... ਤੁਸੀਂ ਦੇਖ ਲਓ..... ਜਿਵੇਂ ਠੀਕ ਲੱਗਦਾ..... ਮੈਂ ਨੰਨਾ ਕਾਹਨੂੰ ਪਾਉਣਾ.... ਭੇਜ ਦਿਓ ਜਵਾਕ ਨੂੰ .... ਘੁੰਮ ਫਿਰ ਆਊਗਾ ਚਾਰ ਦਿਨ....!"

ਇਸ ਤਰ੍ਹਾਂ ਘਰ ਬਣਾਉਣ ਤੋਂ ਲੈਕੇ ਘਰ ਲਈ ਵਸਤੂਆਂ ਦੀ ਖ਼ਰੀਦੋ ਫਰੋਖਤ ਕਰਨ ਲਈ ਜਾਂ ਬੱਚਿਆਂ ਨੂੰ ਕਿਹੜੇ ਸਕੂਲ ਪੜ੍ਹਨ ਲਾਇਆ ਜਾਏ ਜਾਂ ਬੱਚਿਆਂ ਦੇ ਰਿਸ਼ਤਿਆਂ ਲਈ ਜਾਂ ਫਿਰ ਕਿਸੇ ਨਾਲ ਦੇਣ ਲੈਣ ਕਰਨ ਸਮੇਂ ਅਕਸਰ ਸਲਾਹ ਮਸ਼ਵਰਾ ਕੀਤਾ ਜਾਂਦਾ ਹੈ। ਸਲਾਹ ਮਸ਼ਵਰਾ ਕਰਨਾ ਸਹੀ ਵੀ ਹੁੰਦਾ ਹੈ ਕਿਉਂ ਕਿ ਹਰ ਵਿਅਕਤੀ ਜੋ ਫੈਸਲਾ ਇਕੱਲਾ ਨਹੀਂ ਕਰ ਸਕਦਾ ਉਹ ਦੂਜੇ ਦੀ ਸਲਾਹ ਲੈ ਕੇ ਉਸ ਦੀ ਸੋਚ ਨੂੰ ਆਪਣੇ ਨਾਲ ਰਲਾ ਕੇ ਵਧੀਆ ਨੇਪਰੇ ਚਾੜ੍ਹ ਸਕਦਾ ਹੈ। ਇਹ ਤਾਂ ਹੋਈ ਸਾਡੀ ਜ਼ਿੰਦਗੀ ਵਿੱਚ ਸਲਾਹ ਮਸ਼ਵਰੇ ਦੀ ਅਹਿਮੀਅਤ,ਜਿਸ ਰਾਹੀਂ ਸਾਡਾ ਅਤੇ ਸਾਡੇ ਵੱਡਿਆਂ ਦਾ ਸਤਿਕਾਰ ਵਧਦਾ ਹੈ ਅਤੇ ਸਹੀ ਸਮੇਂ ਤੇ ਸਹੀ ਸਲਾਹ ਲੈਣ ਨਾਲ ਗਲਤੀਆਂ ਦੀ ਸੰਭਾਵਨਾ ਵੀ ਘਟ ਜਾਂਦੀ ਹੈ।

ਅਗਲੀ ਗੱਲ ਆਪਾਂ ਨੇ ਮੁਫ਼ਤ ਦੇ ਸਲਾਹਕਾਰਾਂ ਦੀ ਕਰਨੀ ਹੈ ਜੋ ਅਕਸਰ ਆਪਾਂ ਨੂੰ ਰਾਹ ਤੁਰੇ ਜਾਂਦੇ ਮਿਲ਼ ਜਾਂਦੇ ਹਨ ਜਾਂ ਕਈ ਵਾਰ ਉਹ ਘਰ ਤਾਂ ਕਿਸੇ ਹੋਰ ਕੰਮ ਆਏ ਹੁੰਦੇ ਹਨ ਪਰ ਆਪਣੀ ਵਿਦਵਤਾ ਦਾ ਸਬੂਤ ਪੇਸ਼ ਕਰਦੇ ਕਰਦੇ ਕਿੰਨੀਆਂ ਸਾਰੀਆਂ ਸਲਾਹਾਂ ਦੇ ਕੇ ਅਸਲੀ ਕੰਮ ਕੀਤੇ ਬਿਨਾਂ ਹੀ ਚਲੇ ਜਾਂਦੇ ਹਨ। ਇਹਨਾਂ ਅੰਦਰ ਐਨੀ ਸਿਆਣਪ ਭਰੀ ਹੁੰਦੀ ਹੈ ਕਿ ਸਾਹਮਣੇ ਵਾਲਾ ਵਿਅਕਤੀ ਚਾਹੇ ਕਿੰਨਾਂ ਵੀ ਪੜ੍ਹਿਆ ਲਿਖਿਆ ਕਿਉਂ ਨਾ ਹੋਵੇ ਉਸ ਨੂੰ ਬੁੱਧੂ ਤੇ ਅਨਪੜ੍ਹ ਬਣਾਉਣ ਦੀ ਕੋਈ ਕਸਰ ਨਹੀਂ ਛੱਡਦੇ। 'ਕਾਸ਼ਨੀ' ਬਿਲਕੁਲ ਅਨਪੜ੍ਹ ਔਰਤ ਸੀ,ਜਦੋਂ ਨਵੀਂ ਨਵੀਂ ਮੁਹੱਲੇ ਵਿੱਚ ਆਈ ਸੀ ਤਾਂ ਉਸ ਨੂੰ ਖਾਣ ਪਹਿਨਣ ਦਾ ਕੋਈ ਬਹੁਤਾ ਸਲੀਕਾ ਨਹੀਂ ਸੀ। ਦੋ ਜਵਾਕ ਸਨ ਜਿਨ੍ਹਾਂ ਨੂੰ ਉਹ ਕੁੱਟਦੀ ਰਹਿੰਦੀ ਸੀ ਕਿਉਂਕਿ ਕਿ ਉਹ ਬਹੁਤ ਨਲਾਇਕ ਸਨ। ਉਸ ਦੀ ਗੁਆਂਢਣ ਦਲਜੀਤ ਨੇ ਉਸ ਨੂੰ ਬੱਚਿਆਂ ਨੂੰ ਪਿਆਰ ਨਾਲ ਪਾਲਣ ਦੀ ਸਲਾਹ ਦਿੱਤੀ ਤੇ ਆਪ ਕਸਰਤ ਕਰਨ ਦੇ ਨਾਲ ਨਾਲ ਉਸ ਨੂੰ ਕਸਰਤ ਕਰਨ ਦੇ ਫਾਇਦੇ ਦੱਸ ਕੇ ਉਸ ਨੂੰ ਕਸਰਤ ਕਰਨੀ ਸਿਖਾਈ। ਡੇਢ ਕੁ ਦਹਾਕੇ ਬਾਅਦ ਉਸ ਦੇ ਜਵਾਕ ਪੜ੍ਹ ਕੇ ਪ੍ਰਾਈਵੇਟ ਨੌਕਰੀਆਂ ਕਰਨ ਲੱਗ ਪਏ ਤੇ ਆਦਮੀ ਦਾ ਕੰਮ ਕਾਰ ਚੰਗਾ ਚੱਲ ਪਿਆ। ਹੁਣ ਉਹ ਦਲਜੀਤ ਦੇ ਮੁਹੱਲੇ ਦੀ ਸਭ ਤੋਂ ਵੱਡੀ ਮੁਫ਼ਤ ਦੀ ਸਲਾਹਕਾਰ ਬਣ ਗਈ ਸੀ। ਜੇ ਕੋਈ ਔਰਤ ਉਸ ਨੂੰ ਰਾਹ ਵਿੱਚ ਮਿਲ ਪਵੇ ਤਾਂ ਆਖੇਗੀ," ਆਪ ਕਾ ਪੇਟ ਵਧ ਗਿਆ ਹੈ...ਆਪ ਕਪਾਲ ਭਾਰਤੀ ਯੋਗਾ ਕੀਆ ਕਰੋ..... ਆਪ ਸੈਰ ਕੀਆ ਕਰੋ..... ਅਪਨੇ ਬੱਚੋਂ ਕੀ ਫਾਈਲ ਵਹਾਂ ਪੇ ਲਗਾਓਗੇ ਤੋ ਜਲਦੀ ਕਾਮ ਹੋ ਜਾਏਗਾ....ਵੋ ਸਕੂਲ ਅੱਛਾ ਹੈ....ਵੋ ਕਾਲੇਜ ਅੱਛਾ ਹੈ.....!" ਇੱਕ ਔਰਤ ਨੂੰ ਸਲਾਹ ਦੇਣ ਲੱਗੀ ਤਾਂ ਉਸ ਨੇ ਕਿਹਾ ਮੇਰਾ ਬੱਚਾ ਤਾਂ ਇੰਟਰਨੈਸ਼ਨਲ ਪਲੇਅਰ ਹੈ ਤਾਂ ਉਸ ਨੂੰ ਆਖਣ ਲੱਗੀ," ਉਸ ਕੋ ਆਪ ਯਹ ਖਾਨੇ ਮੇਂ ਦੀਆ ਕਰੋ....ਵੋਹ ਦੀਆ ਕਰੋ...!" ਉਹ ਔਰਤ ਉਸ ਦੀਆਂ ਖਾਹਮਖਾਹ ਦੀਆਂ ਸਲਾਹਾਂ ਤੋਂ ਮਸਾਂ ਪਿੱਛਾ ਛੁਡਾ ਕੇ ਭੱਜੀ। ਮੁਫ਼ਤ ਦੇ ਸਲਾਹਕਾਰ ਕਿਸੇ ਦੇ ਬੀਮਾਰ ਹੋਣ ਤੇ,ਕਿਸੇ ਦੇ ਸੱਟ ਫੇਟ ਲੱਗਣ ਤੇ ਦੇਸੀ ਨੁਕਤਿਆਂ ਦੀ ਝੜੀ ਲਾ ਦਿੰਦੇ ਹਨ। ਪਿੱਛੇ ਜਿਹੇ ਮੇਰੀ ਬਾਂਹ ਦੀ ਹੱਡੀ ਟੁੱਟੀ ਤਾਂ ਕਿਸੇ ਨੇ ਮੈਨੂੰ ਪਨੀਰ ਖਾਣ ਦੀ ਸਲਾਹ ਦਿੱਤੀ,ਕਿਸੇ ਨੇ ਖਰੌੜਿਆਂ ਦਾ ਸੂਪ ਪੀਣ ਦੀ ਸਲਾਹ ਦਿੱਤੀ, ਕਿਸੇ ਨੇ ਹੋਰ ਚੰਗੀ ਡਾਈਟ ਖਾਣ ਦੀ ਸਲਾਹ ਦਿੱਤੀ ਤੇ ਕਿਸੇ ਨੇ ਕੁਛ ਤੇ ਕਿਸੇ ਨੇ ਕੁਛ ਖਾਣ ਦੀ ਸਲਾਹ ਦਿੱਤੀ। ਪਰ ਇਹ ਸਲਾਹਾਂ ਸੁਣ ਸੁਣ ਕੇ ਹੀ ਐਨਾ ਪੇਟ ਭਰ ਜਾਂਦਾ ਸੀ ਕਿ ਜਿਹੜੀ ਦੋ ਡੰਗ ਦੀ ਰੋਟੀ ਖਾਂਦੀ ਹੁੰਦੀ ਸੀ ਉਹ ਖਾਣ ਨੂੰ ਵੀ ਦਿਲ ਨਾ ਕਰਨਾ।ਇਸ ਤਰ੍ਹਾਂ ਮੁਫ਼ਤ ਦੇ ਸਲਾਹਕਾਰਾਂ ਦੀਆਂ ਸਲਾਹਾਂ ਫਾਇਦਾ ਘੱਟ ਤੇ ਨੁਕਸਾਨ ਵੱਧ ਕਰਦੀਆਂ ਹਨ।

ਅੱਜ ਕੱਲ੍ਹ ਦੀ ਭੱਜ ਦੌੜ ਦੀ ਜ਼ਿੰਦਗੀ ਵਿੱਚ ਨਾ ਤਾਂ ਕਿਸੇ ਕੋਲ ਸਲਾਹ ਲੈਣ ਦਾ ਵਕਤ ਹੈ ਤੇ ਨਾ ਹੀ ਕੋਈ ਸਲਾਹ ਦੇਣੀ ਚਾਹੁੰਦਾ ਹੈ। ਅੱਜ ਕੱਲ੍ਹ ਚਲਾਕੀ ਦਾ ਜ਼ਮਾਨਾ ਹੈ,ਕੋਈ ਵੀ ਵਿਅਕਤੀ ਕਿਸੇ ਦੇ ਨਫ਼ੇ ਨੁਕਸਾਨ ਦਾ ਠੂਹਣਾ ਆਪਣੇ ਸਿਰ ਨਹੀਂ ਭੰਨਣਾ ਚਾਹੁੰਦਾ। ਘਰਾਂ ਵਿੱਚ ਵੀ ਅੱਜ ਕੱਲ੍ਹ ਬੱਚਿਆਂ ਵੱਲੋਂ ਸਲਾਹ ਮਸ਼ਵਰਾ ਕਰਨ ਦੀ ਰੀਤ ਤਾਂ ਅਲੋਪ ਹੋ ਹੀ ਰਹੀ ਹੈ ਪਰ ਦੁੱਖ ਦੀ ਗੱਲ ਇਹ ਹੈ ਕਿ ਉਹ ਆਪਣੇ ਵੱਡਿਆਂ ਉੱਤੇ ਆਪਣੀ ਮਰਜ਼ੀ ਥੋਪਦੇ ਨਜ਼ਰ ਆਉਂਦੇ ਹਨ। ਮੰਨਿਆ ਕਿ ਮੁਫ਼ਤ ਦੇ ਸਲਾਹਕਾਰ ਸਿਰ ਖਾਊ ਹੋ ਸਕਦੇ ਹਨ ਪਰ ਵੱਡਿਆਂ ਦਾ ਮਾਣ ਵਧਾਉਣ ਲਈ ਉਹਨਾਂ ਨੂੰ ਮੁੱਖ ਰੱਖ ਕੇ ਸਲਾਹ ਮਸ਼ਵਰਾ ਕਰਦੇ ਰਹਿਣਾ ਸਾਡੇ ਸਭਿਆਚਾਰ ਦਾ ਅਨਿੱਖੜਵਾਂ ਅੰਗ ਹੈ ਇਸ ਲਈ ਇਸ ਰੀਤ ਨੂੰ ਬਚਾਉਣ ਲਈ ਘਰਾਂ ਵਿੱਚ ਬੱਚਿਆਂ ਅਤੇ ਮਾਪਿਆਂ ਨੂੰ ਘਰ ਦੇ ਛੋਟੇ ਮੋਟੇ ਕੰਮਾਂ ਲਈ ਸਮੇਂ ਸਮੇਂ ਤੇ ਸਾਰਾ ਪਰਿਵਾਰ ਇਕੱਠੇ ਬੈਠ ਕੇ ਆਪਸੀ ਸਲਾਹ ਮਸ਼ਵਰਾ ਕਰਦੇ ਰਹਿਣਾ ਚਾਹੀਦਾ ਹੈ ਤਾਂ ਜੋ ਬੱਚਿਆਂ ਵਿੱਚ ਵੀ ਘਰ ਵਿੱਚ ਹਰ ਕੰਮ ਕਰਨ ਲਈ ਸਲਾਹ ਮਸ਼ਵਰਾ ਕਰਨ ਦੀ ਆਦਤ ਪੱਕ ਜਾਵੇ। ਅੱਜ ਕੱਲ੍ਹ ਚਾਹੇ ਇਕਹਿਰੇ ਪਰਿਵਾਰਾਂ ਦਾ ਰੁਝਾਨ ਵੱਧ ਹੈ ਪਰ ਜੇ ਇਹ ਅਭਿਆਸ ਵਾਰ ਵਾਰ ਘਰ ਵਿੱਚ ਹੁੰਦਾ ਰਹੇਗਾ ਤਾਂ ਵੱਡਿਆਂ ਤੋਂ ਸਲਾਹ ਮਸ਼ਵਰਾ ਕਰਨ ਦੀ ਰੀਤ ਨੂੰ ਅਸੀਂ ਹੋਰ ਕਾਫੀ ਸਮਾਂ ਚੱਲਦਾ ਰੱਖ ਸਕਾਂਗੇ।



**ਬਰਜਿੰਦਰ ਕੌਰ ਬਿਸਰਾਓ...**
9988901324

# ਭਾਰਤੀ ਕਿਸਾਨ ਯੂਨੀਅਨ ਚੜੂਨੀ ਵੱਲੋਂ ਪਿੱਪਲੀ ਰੈਲੀ ਵਿੱਚ ਲੁਧਿਆਣਾ ਤੋਂ ਗਰੇਵਾਲ, ਸਾਗਰ, ਅਰੋੜਾ ਦੀ ਅਗਵਾਈ ਵੱਡਾ ਜੱਥਾ ਰਵਾਨਾ

**ਲੁਧਿਆਣਾ 24 ਮਾਰਚ (ਕਰਨੈਲ ਸਿੰਘ ਐੱਮ.ਏ.)** ਭਾਰਤੀ ਕਿਸਾਨ ਯੂਨੀਅਨ ਚੜੂਨੀ ਦੇ ਕੌਮੀ ਪ੍ਰਧਾਨ ਗੁਰਨ-ਾਮ ਸਿੰਘ ਚੜੂਨੀ ਵੱਲੋਂ ਹਰਿਆਣਾ ਦੇ ਪਿੱਪਲੀ ਵਿਖੇ ਰੱਖੀ ਜਨਕ੍ਰਾਂਤੀ ਮਜ਼ਦੂਰ ਕਿਸਾਨ ਰੈਲੀ ਵਿੱਚ ਸ਼ਾਮਿਲ ਹੋਣ ਲਈ ਲੁਧਿਆਣਾ ਤੋਂ ਅੱਜ ਕਾਰਾਂ ਅਤੇ ਬੱਸਾਂ ਦਾ ਵੱਡਾ ਕਾਫਲਾ ਲੈ ਕੇ ਸ੍ਰ: ਮਨਜੋਤ ਸਿੰਘ ਗਰੇਵਾਲ ਇੰਚਾਰਜ ਪੰਜਾਬ ਅਤੇ ਹਿਮਾਚਲ ਪ੍ਰਦੇਸ਼ ਉਹਨਾਂ ਨਾਲ ਸੀਨੀਅਰ ਮੀਤ ਪ੍ਰਧਾਨ ਸ੍ਰ: ਰੋਸ਼ਨ ਸਿੰਘ ਸਾਗ਼ਰ, ਪੰਜਾਬ ਦੇ ਜਨਰਲ ਸਕੱਤਰ ਸ੍ਰ: ਜਗਜੀਤ ਸਿੰਘ ਅਰੋੜਾ, ਮੀਤ ਪ੍ਰਧਾਨ ਕੈਪਟਨ ਕੁਲਵੰਤ ਸਿੰਘ ਦੀ ਅਗਵਾਈ 'ਚ ਵੱਡਾ ਕਾਫਲਾ ਲੈ ਕੇ ਸ਼ਾਮਿਲ ਹੋਏ। ਇਸ ਮੌਕੇ ਰੈਲੀ ਲਈ ਬੱਸਾਂ ਅਤੇ ਕਾਰਾਂ ਦੇ ਕਾਫ਼ਲੇ ਨੂੰ ਰਵਾਨਾ ਕਰਨ ਮੌਕੇ ਸ੍ਰ: ਮਨਜੋਤ ਸਿੰਘ ਗਰੇਵਾਲ, ਰੋਸ਼ਨ ਸਿੰਘ ਸਾਗਰ, ਜਗਜੀਤ ਸਿੰਘ ਅਰੋੜਾ ਨੇ ਪੱਤਰਕਾਰਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਜੋ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਅਮਰੀਕਾ ਨਾਲ ਟਰੇਡ ਡੀਲ ਕੀਤੀ ਹੈ ਉਸ ਖ਼ਿਲਾਫ਼ ਅੱਜ ਵੱਡੀ ਗਿਣਤੀ ਵਿੱਚ ਸਾਥੀਆਂ ਨਾਲ ਰੈਲੀ ਵਿੱਚ ਸ਼ਾਮਲ ਹੋਣ ਲਈ ਵੱਡਾ ਕਾਫਲਾ ਸ਼ੇਰਪੁਰ ਚੌਂਕ ਤੋਂ ਰਵਾਨਾ ਹੋਇਆ। ਰੈਲੀ ਵਿੱਚ ਕੈਪਟਨ ਕੁਲਵੰਤ ਸਿੰਘ ਅਤੇ ਕੈਪਟਨ ਨਛੱਤਰ ਸਿੰਘ ਦੀ ਅਗਵਾਈ ਵਿੱਚ ਡਿਫੈਂਸ ਵੈਟਰਨ ਔਰਗਨਾਈਜੇਸ਼ਨ ਦੇ ਸਾਬਕਾ ਫੌਜੀ ਵੱਡੀ ਗਿਣਤੀ ਵਿੱਚ ਰੈਲੀ ਲਈ ਸ਼ਾਮਿਲ ਹੋਏ। ਇਸ ਮੌਕੇ ਭਾਰਤ ਸਰਕਾਰ ਅਤੇ ਅਮਰੀਕਾ ਦੇ ਰਾਸ਼ਟਰਪਤੀ ਟਰੰਪ ਖ਼ਿਲਾਫ਼ ਨਾਅਰੇਬਾਜ਼ੀ ਕੀਤੀ ਅਤੇ ਕਿਹਾ



ਕਿ ਇਹ ਰੈਲੀ ਦੇਸ਼ ਦੇ ਕਿਸਾਨਾਂ, ਮਜ਼ਦੂਰਾਂ ਅਤੇ ਆਮ ਲੋਕਾਂ ਦੇ ਹੱਕਾਂ ਦੀ ਰੱਖਿਆ ਲਈ ਇੱਕ ਵੱਡਾ ਸੰਘਰਸ਼ ਬਣੇਗੀ । ਭਾਰਤ ਸਰਕਾਰ ਵੱਲੋਂ ਅਮਰੀਕਾ ਨਾਲ ਕਿਸਾਨੀ ਖੇਤਰ ਨਾਲ ਜੁੜੇ ਟਰੇਡ ਸਮਝੌਤੇ ਕੀਤੇ ਜਾਂਦੇ ਹਨ ਤਾਂ ਇਸ ਨਾਲ ਦੇਸ਼ ਦੇ ਕਿਸਾਨਾਂ ਦੇ ਨਾਲ-ਨਾਲ ਆਮ ਲੋਕਾਂ ਨੂੰ ਇਸ ਦਾ ਭਾਰੀ ਨੁਕਸਾਨ ਹੋਵੇਗਾ। ਉਨ੍ਹਾਂ ਕਿਹਾ ਕਿ ਵਿਦੇਸ਼ੀ ਕੰਪਨੀਆਂ ਨੂੰ ਖੁੱਲ੍ਹੀ ਛੂਟ ਮਿਲਣ ਨਾਲ ਭਾਰਤ ਦੇ ਛੋਟੇ ਤੇ ਦਰਮਿਆਨੇ ਕਿਸਾਨਾਂ ਦੀ ਆਮਦਨ ਉੱਤੇ ਮਾਰ ਪਵੇਗੀ ਅਤੇ ਖੇਤੀਬਾੜੀ ਖੇਤਰ ਵਿੱਚ ਅਸਥਿਰਤਾ ਪੈਦਾ ਹੋ ਸਕਦੀ ਹੈ। ਸ੍ਰ: ਮਨਜੋਤ ਸਿੰਘ ਗਰੇਵਾਲ, ਰੋਸ਼ਨ ਸਿੰਘ ਸਾਗਰ, ਜਗਜੀਤ ਸਿੰਘ ਅਰੋੜਾ ਨੇ ਕਿਹਾ ਕਿ ਭਾਰਤੀ ਕਿਸਾਨ ਯੂਨੀਅਨ ਚੜੂਨੀ ਕਿਸਾਨਾਂ ਅਤੇ ਮਜ਼ਦੂਰਾਂ ਦੇ ਹੱਕਾਂ ਲਈ ਸੰਘਰਸ਼ ਕਰਦੀ ਆ ਰਹੀ ਹੈ ਅਤੇ ਕਿਸੇ ਵੀ ਅਜਿਹੇ ਫੈਸਲੇ ਨੂੰ ਕਦੇ ਵੀ ਬਰਦਾਸ਼ਤ ਨਹੀਂ ਕਰੇਗੀ। ਪਿੱਪਲੀ ਵਿਖੇ ਹੋਣ ਵਾਲੀ ਰੈਲੀ ਇਤਿਹਾਸਿਕ ਹੋਵੇਗੀ ਅਤੇ ਭਾਰਤ ਸਰਕਾਰ ਤੇ ਇਸ ਦਾ ਦਬਾਅ ਪਵੇਗਾ ਅਤੇ ਇਹ ਡੀਲ ਰੱਦ ਹੋ ਕੇ ਰਹੇਗੀ। ਇਸ ਮੌਕੇ ਮੀਤ ਪ੍ਰਧਾਨ ਪੰਜਾਬ ਕੈਪਟਨ ਕੁਲਵੰਤ ਸਿੰਘ, ਜਗਜੀਤ ਸਿੰਘ ਕੁੰਨਰ, ਕੈਪਟਨ ਨਛੱਤਰ ਸਿੰਘ, ਪ੍ਰਧਾਨ ਸੁਲੱਖਣ ਸਿੰਘ ਮੰਡ, ਸੁਖਦੇਵ ਸਿੰਘ ਕਨੀਜ਼ਾਂ, ਮਲਕੀਤ ਸਿੰਘ ਜਲੰਧਰ, ਪ੍ਰਭਜੋਤ ਸਿੰਘ ਜਲੰਧਰ, ਦਲਵਿੰਦਰ ਸਿੰਘ ਘੁੰਮਣ, ਸਤਨਾਮ ਸਿੰਘ ਮੁਹਾਲੀ, ਭੁਪਿੰਦਰ ਸਿੰਘ ਯੋਗੀ, ਹਰਦੀਪ ਸਿੰਘ ਬਾਜੜਾ, ਕੇਵਲ ਸਿੰਘ ਸੰਧੂ, ਰਵਿੰਦਰ ਸਿੰਘ ਚੇਅਰਮੈਨ, ਅਜੈਬ ਸਿੰਘ, ਬਿੱਲੂ ਯੂਥ ਪ੍ਰਧਾਨ, ਸਤਨਾਮ ਸਿੰਘ ਜ਼ਿਲ੍ਹਾ ਪ੍ਰਧਾਨ ਮੋਹਾਲੀ, ਦੀਦਾਰ ਸਿੰਘ ਗੋਲਡੀ ਯੂਥ ਪ੍ਰਧਾਨ ਮੋਹਾਲੀ, ਇੰਦਰਜੀਤ ਸਿੰਘ ਮੀਤ ਪ੍ਰਧਾਨ ਮੋਹਾਲੀ, ਜਸਪ੍ਰੀਤ ਸਿੰਘ, ਹਰਮੇਸ਼ ਸਿੰਘ ਕਨੋਰ, ਕੇਸਰ ਸਿੰਘ, ਸੁਖਵਿੰਦਰ ਸਿੰਘ ਭੰਗੂ ਪਟਿਆਲਾ ਪ੍ਰਧਾਨ, ਜੀਤ ਸਿੰਘ ਯੂਥ ਪ੍ਰਧਾਨ ਪਟਿਆਲਾ, ਜਤਿੰਦਰ ਸਿੰਘ, ਅਮਰਜੋਤ ਸਿੰਘ, ਜੋਗਿੰਦਰ ਸਿੰਘ ਟਾਈਗਰ ਐਸ.ਸੀ.ਬੀ.ਸੀ ਵਿੰਗ ਪੰਜਾਬ ਪ੍ਰਧਾਨ, ਲਾਡੀ ਪ੍ਰਧਾਨ ਗੋਬਿੰਦਗੜ੍ਹ, ਜਸਮੇਰ ਸਿੰਘ ਭੱਲਾ ਮੀਤ ਪ੍ਰਧਾਨ ਰਵਿੰਦਰ ਸਿੰਘ ਸੈਣੀ ਅਤੇ ਕੁਲਵਿੰਦਰ ਸਿੰਘ ਸਲੇਮ ਟਾਬਰੀ ਆਦਿ ਹਾਜ਼ਰ ਸਨ।

# ਗੁਰਦੇ ਦੀ ਜਾਂਚ ਵਿੱਚ ਸਿਰਫ ਕ੍ਰਿਏਟਿਨਿਨ ਕਾਫੀ ਨਹੀਂ, ਪੂਰੀ ਤਸਵੀਰ ਲਈ ਹੋਰ ਟੈਸਟ ਵੀ ਜ਼ਰੂਰੀ ਹਨ

**ਲੁਧਿਆਣਾ (ਕਰਨੈਲ ਸਿੰਘ ਐੱਮ.ਏ.)** ਸਿਹਤਮੰਦ ਗੁਰਦੇ ਸਾਡੇ ਸਰੀਰ ਦੇ ਕੁੱਲ ਸੰਤੁਲਨ ਨੂੰ ਬਣਾਈ ਰੱਖਣ ਲਈ ਬਹੁਤ ਜ਼ਰੂਰੀ ਹੁੰਦੇ ਹਨ। ਗੁਰਦੇ ਖੂਨ ਵਿੱਚੋਂ ਫਜ਼ੂਲ ਪਦਾਰਥਾਂ ਨੂੰ ਫਿਲਟਰ ਕਰਦੇ ਹਨ, ਫਲੂਇਡ ਲੈਵਲ ਨੂੰ ਕੰਟਰੋਲ ਕਰਦੇ ਹਨ, ਇਲੈਕਟਰੋਲਾਈਟ ਬੈਲੈਂਸ ਬਣਾਈ ਰੱਖਦੇ ਹਨ ਅਤੇ ਬਲੱਡ ਪ੍ਰੈਸ਼ਰ ਨੂੰ ਵੀ ਰੈਗੂਲੇਟ ਕਰਨ ਵਿੱਚ ਮਦਦ ਕਰਦੇ ਹਨ। ਗੁਰਦੇ ਦੀ ਕਾਰਗੁਜ਼ਾਰੀ ਦਾ ਅੰਦਾਜ਼ਾ ਲਗਾਉਣ ਲਈ ਸਭ ਤੋਂ ਆਮ ਟੈਸਟਾਂ ਵਿੱਚੋਂ ਇੱਕ ਸੀਰਮ ਕ੍ਰਿਏਟਿਨਿਨ ਹੈ। ਹਾਲਾਂਕਿ ਇਹ ਟੈਸਟ ਲਾਭਕਾਰੀ ਹੈ, ਪਰ ਸਿਰਫ ਇਸੇ ਇੱਕ ਪੈਰਾਮੀਟਰ ‘ਤੇ ਨਿਰਭਰ ਰਹਿਣ ਨਾਲ ਗੁਰਦੇ ਦੀ ਸਿਹਤ ਦੀ ਪੂਰੀ ਤਸਵੀਰ ਸਾਹਮਣੇ ਨਹੀਂ ਆਉਂਦੀ। ਮੈਕਸ ਸੁਪਰ ਸਪੈਸ਼ਲਟੀ ਹਸਪਤਾਲ, ਸਾਕੇਤ ਦੇ ਨੈਫਰੋਲੋਜੀ ਅਤੇ ਰੀਨਲ ਟ੍ਰਾਂਸਪਲਾਂਟ ਮੈਡੀਸਨ ਵਿਭਾਗ ਦੇ ਗਰੁੱਪ ਚੇਅਰਮੈਨ ਡਾ: ਦਿਨੇਸ਼ ਖੁੱਲਰ ਨੇ ਦੱਸਿਆ* “ਕ੍ਰਿਏਟਿਨਿਨ ਇੱਕ ਵੈਸਟ ਪ੍ਰੋਡਕਟ ਹੈ ਜੋ ਮਾਸਪੇਸ਼ੀਆਂ ਵਿੱਚ ਮੌਜੂਦ ਕ੍ਰਿਏਟਿਨ ਦੇ ਆਮ ਟੁੱਟਣ ਨਾਲ ਬਣਦਾ ਹੈ। ਇਹ ਸਰੀਰ ਵਿੱਚ ਲਗਭਗ ਸਥਿਰ ਦਰ ਨਾਲ ਬਣਦਾ ਹੈ ਅਤੇ ਗੁਰਦੇ ਇਸਨੂੰ ਖੂਨ ਵਿੱਚੋਂ ਫਿਲਟਰ ਕਰਕੇ ਬਾਹਰ ਕੱਢਦੇ ਹਨ। ਇਸ ਲਈ, ਖੂਨ ਵਿੱਚ ਕ੍ਰਿਏਟਿਨਿਨ ਦਾ ਪੱਧਰ ਗੁਰਦੇ ਦੀ ਫਿਲਟਰੇਸ਼ਨ ਸਮਰੱਥਾ ਦਾ ਇੱਕ ਸੰਕੇਤ ਹੁੰਦਾ ਹੈ। ਜਦੋਂ ਗੁਰਦੇ ਦੀ ਕਾਰਗੁਜ਼ਾਰੀ ਘਟਣ ਲੱਗਦੀ ਹੈ, ਤਾਂ ਕ੍ਰਿਏਟਿਨਿਨ ਖੂਨ ਵਿੱਚ ਇਕੱਠਾ ਹੋਣ ਲੱਗਦਾ ਹੈ ਅਤੇ ਇਸਦਾ ਪੱਧਰ ਵੱਧ ਜਾਂਦਾ ਹੈ। ਇਸ ਕਰਕੇ ਡਾਕਟਰ ਗੁਰਦੇ ਦੀ ਜਾਂਚ ਲਈ ਅਕਸਰ ਸਭ ਤੋਂ ਪਹਿਲਾਂ ਇਹ ਟੈਸਟ ਲਿਖਦੇ ਹਨ। ਇਹ ਆਸਾਨ, ਸਸਤਾ ਅਤੇ ਲਗਭਗ ਹਰ ਲੈਬ ਵਿੱਚ ਉਪਲਬਧ ਹੁੰਦਾ ਹੈ। ਪਰ ਕ੍ਰਿਏਟਿਨਿਨ ਦੇ ਪੱਧਰ ‘ਤੇ ਸਿਰਫ ਗੁਰਦੇ ਦੀ ਕਾਰਗੁਜ਼ਾਰੀ ਦਾ ਹੀ ਅਸਰ ਨਹੀਂ ਹੁੰਦਾ। ਉਮਰ, ਲਿੰਗ, ਮਾਸਪੇਸ਼ੀਆਂ ਦੀ ਮਾਤਰਾ, ਡਾਇਟ (ਖਾਸ ਕਰਕੇ ਰੈੱਡ ਮੀਟ ਦਾ ਸੇਵਨ) ਅਤੇ ਸਰੀਰ ਵਿੱਚ ਪਾਣੀ ਦੀ ਮਾਤਰਾ ਵਰਗੇ ਕਈ ਕਾਰਕ ਵੀ ਇਸਦੇ ਨਤੀਜਿਆਂ ਨੂੰ ਪ੍ਰਭਾਵਿਤ ਕਰਦੇ ਹਨ। ਉਦਾਹਰਨ ਵਜੋਂ, ਜ਼ਿਆਦਾ ਮਾਸਪੇਸ਼ੀਆਂ ਵਾਲੇ ਲੋਕਾਂ



ਵਿੱਚ ਕ੍ਰਿਏਟਿਨਿਨ ਆਮ ਤੋਂ ਵੱਧ ਹੋ ਸਕਦਾ ਹੈ, ਜਦਕਿ ਬੁਜ਼ੁਰਗ ਜਾਂ ਕੁਪੋਸ਼ਿਤ ਵਿਅਕਤੀਆਂ ਵਿੱਚ ਗੁਰਦੇ ਖਰਾਬ ਹੋਣ ਦੇ ਬਾਵਜੂਦ ਇਸਦਾ ਪੱਧਰ ਘੱਟ ਦਿਖ ਸਕਦਾ ਹੈ। ਕ੍ਰਿਏਟਿਨਿਨ ਇੱਕ ਲਾਭਕਾਰੀ ਟੈਸਟ ਹੈ, ਪਰ ਇਸਨੂੰ ਇਕੱਲੇ ਗੁਰਦੇ ਦੀ ਸਿਹਤ ਦਾ ਮਾਪਦੰਡ ਮੰਨਣਾ ਠੀਕ ਨਹੀਂ । ਕਈ ਵਾਰ ਐਸਾ ਹੁੰਦਾ ਹੈ ਕਿ ਗੁਰਦੇ ਨੂੰ ਕਾਫੀ ਨੁਕਸਾਨ ਪਹੁੰਚ ਚੁੱਕਿਆ ਹੁੰਦਾ ਹੈ, ਫਿਰ ਵੀ ਕ੍ਰਿਏਟਿਨਿਨ ਦਾ ਪੱਧਰ ਨਾਰਮਲ ਸੀਮਾ ਵਿੱਚ ਰਹਿੰਦਾ ਹੈ। ਆਮ ਤੌਰ ‘ਤੇ ਲਗਭਗ 40-50% ਗੁਰਦੇ ਦੀ ਕਾਰਗੁਜ਼ਾਰੀ ਘਟਣ ਤੋਂ ਬਾਅਦ ਹੀ ਇਸ ਵਿੱਚ ਸਪੱਸ਼ਟ ਬਦਲਾਅ ਦਿਖਾਈ ਦਿੰਦਾ ਹੈ। ਡਾ: ਦਿਨੇਸ਼ ਨੇ ਅੱਗੇ ਦੱਸਿਆ* “ਇਸ ਤੋਂ ਇਲਾਵਾ, ਕ੍ਰਿਏਟਿਨਿਨ ਇਹ ਨਹੀਂ ਦੱਸਦਾ ਕਿ ਗੁਰਦੇ ਦੀ ਸਮੱਸਿਆ ਦਾ ਅਸਲ ਕਾਰਣ ਕੀ ਹੈ। ਡੀਹਾਈਡ੍ਰੇਸ਼ਨ, ਕੁਝ ਦਵਾਈਆਂ, ਇਨਫੈਕਸ਼ਨ ਜਾਂ ਪੇਸ਼ਾਬ ਦੇ ਰਸਤੇ ਵਿੱਚ ਰੁਕਾਵਟ ਵਰਗੀਆਂ ਸਥਿਤੀਆਂ ਅਸਥਾਈ ਤੌਰ ‘ਤੇ ਇਸਦੇ ਪੱਧਰ ਨੂੰ ਬਦਲ ਸਕਦੀਆਂ ਹਨ, ਜੋ ਲਾਜ਼ਮੀ ਨਹੀਂ ਕਿ ਕ੍ਰਾਨਿਕ ਕਿਡਨੀ ਡਿਜੀਜ਼ ਦਾ ਸੰਕੇਤ ਹੋਣ। ਇੱਕ ਹੋਰ ਕਮੀ ਇਹ ਹੈ ਕਿ ਕ੍ਰਿਏਟਿਨਿਨ ਸਿਰਫ ਫਿਲਟਰੇਸ਼ਨ ਸਮਰੱਥਾ ਨੂੰ ਦਿਖਾਉਂਦਾ ਹੈ, ਪਰ ਗੁਰਦੇ ਦੇ ਹੋਰ ਮਹੱਤਵਪੂਰਨ ਕੰਮ ਜਿਵੇਂ ਇਲੈਕਟਰੋਲਾਈਟ ਬੈਲੈਂਸ, ਹਾਰ-ਮੋਨ ਉਤਪਾਦਨ ਜਾਂ ਸਟ੍ਰਕਚਰਲ ਬਦਲਾਅ ਬਾਰੇ ਜਾਣਕਾਰੀ ਨਹੀਂ ਦਿੰਦਾ। ਇਨ੍ਹਾਂ ਸੀਮਾਵਾਂ ਨੂੰ ਦੇਖਦੇ ਹੋਏ ਡਾਕਟਰ ਆਮ ਤੌਰ ‘ਤੇ ਗੁਰਦੇ ਦੀ ਸਿਹਤ ਦਾ ਅੰਦਾਜ਼ਾ ਕਈ ਟੈਸਟਾਂ ਦੇ ਕਾਂਬੀਨੇਸ਼ਨ ਨਾਲ ਲਗਾਉਂਦੇ ਹਨ, ਨਾ ਕਿ ਸਿਰਫ ਕ੍ਰਿਏਟਿਨਿਨ ਨਾਲ। ਓਘਫ੍ਰ (ਇਸਟਿਮਓਟਦ ਗਲੋਮੲਰੁਲਓਰ ਡਿਲਟਰਓਟਿੋਨ ਰਓਟੲ), ਜੋ ਭੂਂ, ਸੀਰਮ ਕ੍ਰਿਏਟਿਨਿਨ ਅਤੇ ਸੀਰਮ ਸਿਸਟੈਟਿਨ ਛ ਦੇ ਆਧਾਰ ‘ਤੇ ਨਿਕਲਦਾ ਹੈ, ਇਹ ਦੱਸਦਾ ਹੈ ਕਿ ਗੁਰਦੇ ਖੂਨ ਨੂੰ ਕਿੰਨੇ ਪ੍ਰਭਾਵਸ਼ਾਲੀ ਢੰਗ ਨਾਲ ਫਿਲਟਰ ਕਰ ਰਹੇ ਹਨ ਅਤੇ ਕ੍ਰਾਨਿਕ ਕਿਡਨੀ ਡਿਜੀਜ਼ ਦੀ ਸਟੇਜਿੰਗ ਵਿੱਚ ਵੀ ਮਦਦ ਕਰਦਾ ਹੈ।“ਯੂਰੀਨ ਟੈਸਟ, ਜਿਵੇਂ ਯੂਰੀਨ ਐਲਬਿਊਮਿਨ ਜਾਂ ਐਲਬਿਊਮਿਨ-ਟੂ-ਕ੍ਰਿਏਟਿਨਿਨ ਰੇਸ਼ੋ (ACR), ਵੀ ਬਹੁਤ ਮਹੱਤਵਪੂਰਨ ਹਨ। ਯੂਰੀਨ ਵਿੱਚ ਪ੍ਰੋਟੀਨ ਦੀ ਮੌਜੂਦਗੀ ਗੁਰਦੇ ਨੂੰ ਸ਼ੁਰੂਆਤੀ ਨੁਕਸਾਨ ਦਾ ਸੰਕੇਤ ਦੇ ਸਕਦੀ ਹੈ, ਕਈ ਵਾਰ ਉਸ ਵੇਲੇ ਵੀ ਜਦੋਂ ਕ੍ਰਿਏਟਿਨਿਨ ਨਾਰਮਲ ਹੁੰਦਾ ਹੈ। ਕੁਝ ਮਾਮਲਿਆਂ ਵਿੱਚ ਡਾਕਟਰ ਵਾਧੂ ਟੈਸਟ ਜਿਵੇਂ ਬਲੱਡ ਯੂਰੀਆ ਨਾਈਟ੍ਰੋਜਨ (BUN), ਇਲੈਕਟਰੋਲਾਈਟ ਪੈਨਲ, ਅਲਟਰਾਸਾਊਂਡ ਵਰਗੀਆਂ ਇਮੇਜਿੰਗ ਸਟੱਡੀ ਜਾਂ ਸਿਸਟੈਟਿਨ ਛ ਵਰਗੇ ਖਾਸ ਮਾਰਕਰਾਂ ਦੀ ਸਲਾਹ ਵੀ ਦੇ ਸਕਦੇ ਹਨ, ਜੋ ਕੁਝ ਮਰੀਜ਼ਾਂ ਵਿੱਚ ਗੁਰਦੇ ਦੀ ਸਮੱਸਿਆ ਨੂੰ ਪਹਿਲਾਂ ਹੀ ਪਤਾ ਲਗਾ ਸਕਦੇ ਹਨ। ਸੀਰਮ ਕ੍ਰਿਏਟਿਨਿਨ ਗੁਰਦੇ ਦੀ ਕਾਰਗੁਜ਼ਾਰੀ ਦਾ ਇੱਕ ਮਹੱਤਵਪੂਰਨ ਅਤੇ ਆਮ ਤੌਰ ‘ਤੇ ਵਰਤਿਆ ਜਾਣ ਵਾਲਾ ਟੈਸਟ ਹੈ, ਪਰ ਇਸਨੂੰ ਗੁਰਦੇ ਦੀ ਸਿਹਤ ਦਾ ਇਕੱਲਾ ਮਾਪਦੰਡ ਨਹੀਂ ਮੰਨਣਾ ਚਾਹੀਦਾ। ਕਿਉਂਕਿ ਕਈ ਕਾਰਕ ਇਸਦੇ ਪੱਧਰ ਨੂੰ ਪ੍ਰਭਾਵਿਤ ਕਰਦੇ ਹਨ ਅਤੇ ਸ਼ੁਰੂਆਤੀ ਗੁਰਦਾ ਬਿਮਾਰੀ ਵਿੱਚ ਇਸ ਵਿੱਚ ਵੱਡਾ ਬਦਲਾਅ ਨਹੀਂ ਆਉਂਦਾ, ਇਸ ਲਈ ਇੱਕ ਵਿਸਤ੍ਰਿਤ ਜਾਂਚ ਜ਼ਰੂਰੀ ਹੈ। EGF, ਯੂਰੀਨ ਟੈਸਟ, ਕਲੀਨੀਕਲ ਹਿਸਟਰੀ ਅਤੇ ਲੋੜ ਪੈਣ ‘ਤੇ ਇਮੇਜਿੰਗ ਜਾਂ ਹੋਰ ਬਾਇਓਮਾਰਕਰਾਂ ਨੂੰ ਸ਼ਾਮਲ ਕਰਕੇ ਹੀ ਗੁਰਦੇ ਦੀ ਸਿਹਤ ਦੀ ਸਹੀ ਅਤੇ ਭਰੋਸੇਮੰਦ ਤਸਵੀਰ ਮਿਲਦੀ ਹੈ। ਖਾਸ ਕਰਕੇ ਡਾਇਬਟੀਜ਼, ਹਾਈ ਬਲੱਡ ਪ੍ਰੈਸ਼ਰ ਜਾਂ ਗੁਰਦੇ ਦੀ ਬਿਮਾਰੀ ਦੇ ਪਰਿਵਾਰਕ ਇਤਿਹਾਸ ਵਾਲੇ ਲੋਕਾਂ ਲਈ ਨਿਯਮਿਤ ਸਕ੍ਰੀਨਿੰਗ ਬਹੁਤ ਜ਼ਰੂਰੀ ਹੈ, ਤਾਂ ਜੋ ਸਮੇਂ ‘ਤੇ ਸਮੱਸਿਆ ਦਾ ਪਤਾ ਲਗਾ ਕੇ ਗੁਰਦੇ ਨੂੰ ਲੰਬੇ ਸਮੇਂ ਤੱਕ ਸਿਹਤਮੰਦ ਰੱਖਿਆ ਜਾ ਸਕੇ।



# ਐਨਵਰਸਰੀ ਡਿਨਰ ਤੇ ਖ਼ਾਸ

ਵੱਡੀ ਪੋਤੀ ਸੌਗਾਤ ਦੀ ਖੁਹਾਇਸ਼ ਨੂੰ ਵੇਖਦੇ ਹੋਏ ਅਸੀਂ ਅੱਜ ਦਾ ਡਿਨਰ ਇਥੋਂ ਦੇ ਮਸ਼ਹੂਰ ਪੰਜਾਬੀ ਟੇਸਟ ਵਾਲੇ ਚਿੱਟਕਾਸ ਵਿੱਚ ਕਰਨ ਦਾ ਫੈਸਲਾ ਕੀਤਾ। ਕੁਦਰਤੀ ਅੱਜ ਉਸ ਹੋਟਲ ਦੀ ਚੌਥੀ ਐਨਵਰਸਰੀ ਸੀ। ਜਦੋਂ ਉਹਨਾਂ ਨੂੰ ਪਤਾ ਲੱਗਿਆ ਕਿ ਅੱਜ ਸਾਡੀ ਵੀ ਇਕਤਾਲੀ ਵੀ ਮੈਰਿਜ ਐਨਵਰਸਰੀ ਹੈ ਤਾਂ ਉਹਨਾਂ ਨੇ ਸਾਡਾ ਵਿਸ਼ੇਸ਼ ਮਹਿਮਾਨ ਵਜੋਂ ਸਵਾਗਤ ਕੀਤਾ ਅਤੇ ਸਾਡੀ ਸਾਲ ਗਿਰਾਹ ਨੂੰ ਵੇਖਦੇ ਹੋਏ ਸਾਨੂੰ ਸਪੈਸ਼ਲ ਟ੍ਰੀਟ ਕੀਤਾ। ਮੇਰੇ ਬਾਗਵਾਨ ਫਿਲਮ ਦਾ ਉਹ ਸੀਨ ਯਾਦ ਆ ਗਿਆ ਜਦੋਂ ਸੁਪਰ ਸਟਾਰ ਅਮਿਤਾਬ ਬਚਨ ਅਤੇ ਹੇਮਾ ਮਾਲਿਨੀ ਇੱਕ ਹੋਟਲ ਵਿੱਚ ਕੁਝ ਸਮੇਂ ਲਈ ਮਿਲਦੇ ਹਨ ਤਾਂ ਹੋਟਲ ਵਾਲੇ ਉਹਨਾਂ ਨੂੰ ਆਪਣੇ ਵਿਸ਼ੇਸ਼ ਮਹਿਮਾਨ ਵਜੋਂ ਨਿਵਾਜਦੇ ਹਨ। ਉਸੇ ਤਰ੍ਹਾਂ ਹੀ ਚਟਕਾਸ ਵਾਲਿਆਂ ਨੇ ਹੈਪੀ ਐਨਵਰਸਰੀ ਲਿਖਿਆ ਛੋਟਾ ਕੇਕ ਲਿਆਂਦਾ ਅਤੇ ਸਾਨੂੰ ਦੋਹਾਂ ਨੂੰ ਕੇਕ ਉਪਰ ਲੱਗੀ ਮੋਮ ਬੱਤੀ ਬੁਝਾਕੇ ਕੇਕ ਕੱਟਣ ਨੂੰ ਕਿਹਾ। ਇਹ ਵਾਕਿਆ ਹੀ ਖੁਸ਼ੀ ਦੇ ਪਲ ਸਨ ਜਦੋਂ ਬਾਹਰਲੇ ਮੁਲਕ ਵਿੱਚ ਕੋਈ ਬੇਗਾਨਾ ਤੁਹਾਡੀਆਂ ਖੁਸ਼ੀਆਂ ਵਿੱਚ ਸਰੀਕ ਹੁੰਦਾ ਹੈ। ਗੱਲ ਕੇਕ ਪੇਸਟਰੀ ਦੀ ਨਹੀਂ ਗੱਲ ਸਨਮਾਨ ਦੀ ਹੈ।

**ਰਮੇਸ਼ ਸੇਠੀ ਬਾਦਲ**


joo
Just Order Online®
WANT TO SAVE £1000'S IN YOUR RESTAURANT?
TABLET ORDERING SYSTEM
KITCHEN DISPLAY & KITCHEN PRINTERS
ONLINE ORDERING & TABLE BOOKING
INTEGRATED CARD MACHINES
JOO AI – ADVANCED BUSINESS INTELLIGENCE
POS,PRINTER, WEBSITE, ORDER BOOKING SYSTEM FROM
STARTING FROM
WAS £999
NOW ONLY
£249
Contact Us
+44-7846-588928
OFFER ENDS
28 FEB 2026
justorderonline.co.uk
info@justorderonline.co.uk
T&Cs apply - 2 year contract. Subject to availability

# ਪੀ.ਏ.ਯੂ. ਲੁਧਿਆਣਾ ਦੇ ਦੋ ਰੋਜ਼ਾ ਕਿਸਾਨ ਮੇਲੇ ਮੌਕੇ ਅਮੂਬੋਨ ਨੈਚੁਰਲਜ਼” ਨੇ ਕੁਦਰਤੀ ਵਸਤੂਆਂ ਤੋਂ ਬਣੇ ਉਤਪਾਦ ਲਾਂਚ ਕੀਤੇ

**ਲੁਧਿਆਣਾ 24 ਮਾਰਚ (ਕਰਨੈਲ ਸਿੰਘ ਐੱਮ.ਏ.)** ਪਿਛਲੇ ਦਿਨੀਂ ਪੀ.ਏ.ਯੂ. ਲੁਧਿਆਣਾ ਵਿਖੇ ਦੋ ਰੋਜ਼ਾ ਕਿਸਾਨ ਮੇਲੇ ਮੌਕੇ “ਅਮੂਬੋਨ ਨੈਚੁਰਲਜ਼” ਨੇ ਹੱਥ ਨਾਲ ਬਣੇ ਸਕਿਨਕੇਅਰ ਉਤਪਾਦ ਲਾਂਚ ਕੀਤੇ, ਅਮੂਬੋਨ ਨੈਚੁਰਲਜ਼, ਇੱਕ ਘਰੇਲੂ ਬ੍ਰਾਂਡ, ਕੁਦਰਤੀ ਵਸਤੂਆਂ ਨਾਲ ਤਿਆਰ ਕੀਤੇ ਗਏ ਘੱਟੋ-ਘੱਟ ਰਸਾਇਣਾਂ ਨਾਲ ਕੁਦਰਤੀ, ਹੱਥ ਨਾਲ ਬਣੇ, ਅਨੁਕੂਲਿਤ, ਸੰਕਲਪਿਤ ਸਕਿਨਕੇਅਰ ਅਤੇ ਵਾਲਾਂ ਦੀ ਦੇਖਭਾਲ ਉਤਪਾਦਾਂ ਦੀ ਆਪਣੀ ਰੇਂਜ ਪੇਸ਼ ਕੀਤਾ। ਕੰਪਨੀ ਦੇ ਮੁਖੀ ਡਾ: ਸੀਮਾ ਡਾਵਰ ਜੈਨੇਟਿਕਸਿਸ ਨੇ ਗੱਲਬਾਤ ਦੌਰਾਨ ਦੱਸਿਆ ਕਿ ਅਮੂਬੋਨ ਨੈਚੁਰਲਜ਼ ਤੁਹਾਡੇ ਲਈ ਕਸਟਮ ਕੋਲਡ ਪ੍ਰਕਿਰਿਆ ਅਤੇ ਆਯੁਰਵੈਦਿਕ ਮਿਸ਼ਰਣਾਂ ਨਾਲ ਬਣੇ ਅਰੇਪਾਸ ਸਾਬਣਾਂ ਦੀ ਇੱਕ ਰੇਂਜ ਪੇਸ਼ ਕੀਤੀ ਹੈ, ਜੋ ਕਿ ਇੱਕ ਕੋਮਲ ਚਮੜੀ ਦੀ ਦੇਖ-ਭਾਲ ਦਾ ਅਨੁਭਵ ਪੇਸ਼ ਕਰਦੇ ਹਨ। ਬੱਚਿਆਂ ਦੇ ਸਾਬਣਾਂ ਦੇ ਨਾਲ, ਹਰਬਲ ਸ਼ੈਂਪੂ ਬਾਰ, ਲਿਪ ਬਾਮ ਬਾਥ ਸਾਲਟ, ਕਰੀਮ ਸਾਬਣ ਸਕ੍ਰਬ, ਫੇਸ ਟੋਨਰ ਅਤੇ ਪੈਰਾਂ ਦੀਆਂ ਕਰੀਮਾਂ ਖਾਸ ਤੌਰ ਤੇ ਪੇਸ਼ ਕੀਤੀ ਗਈ ਹੈ। ਇਹ ਰੇਂਜ ਤੁਹਾਡੀ ਚਮੜੀ ਨੂੰ ਪੋਸ਼ਣ ਦੇਣ ਲਈ ਤਿਆਰ ਕੀਤੀ ਗਈ ਹੈ। ਸਾਡੇ ਵੱਲੋਂ ਤਿਆਰ ਕੀਤੇ ਗਏ ਕੁਦਰਤੀ ਉਤਪਾਦਾਂ ਦੀ ਪੜਚੋਲ



ਕਰੋ ਅਤੇ ਸਾਡੇ ਕੁਦਰਤੀ ਕਾਰੀਗਰ ਉਤਪਾਦਾਂ ਦੀ ਚੰਗਿਆਈ ਦਾ ਅਨੁਭਵ ਕਰੋ, ਇਹ ਉਤਪਾਦ ਤੁਸੀਂ ਆਪਣੇ ਮਿੱਤਰ ਜਾਂ ਜਿਸ ਰਿਸ਼ਤੇਦਾਰ ਨੂੰ ਉਹਨਾਂ ਦੇ ਜਨਮ-ਦਿਨ ਦੇ ਮੌਕੇ 'ਤੇ ਤੋਹਫ਼ੇ ਦੇ ਤੌਰ ਤੇ ਪੇਸ਼ ਕੀਤੀ ਜਾ ਸਕਦੇ ਹਨ । ਸੀਮਾ ਡਾਵਰ ਨੇ ਦੱਸਿਆ ਕਿ ਇਸ ਮੇਲੇ ਦੌਰਾਨ ਉਹਨਾਂ ਨੇ ਪਹਿਲੀ ਵਾਰ ਆਪਣਾ ਸਟਾਲ ਲਗਾਇਆ ਹੈ, ਜਿਸ ਵਿੱਚ ਉਹਨਾਂ ਨੂੰ ਚੰਗਾ ਰਿਸਪਾਂਸ ਮਿਲਿਆ ਹੈ। ਆਉਣ ਵਾਲੇ ਸਮੇਂ ਦੌਰਾਨ ਉਹ ਇਸ ਤਰ੍ਹਾਂ ਦੇ ਸਟਾਲ ਲਗਾਉਂਦੇ ਰਹਿਣਗੇ ਅਤੇ ਕੁਦਰਤੀ ਅਤੇ ਹੈਂਡ ਮੇਡ ਵਸਤੂਆਂ ਪੇਸ਼ ਕਰਦੇ ਰਹਿਣਗੇ । ਉਹਨਾਂ ਦੱਸਿਆ ਕਿ ਅੱਜ ਕੱਲ੍ਹ ਦੇ ਸਮੇਂ ਦੌਰਾਨ ਕੈਮੀਕਲਾਂ ਦਾ ਬਹੁਤ ਜ਼ਿਆਦਾ ਉਪਯੋਗ ਹੋ ਰਿਹਾ ਹੈ ਜੋ ਕਿ ਇਨਸਾਨ ਦੇ ਸਰੀਰ ਲਈ ਨੁਕਸਾਨਦ-ਾਇਕ ਹਨ । ਉਹਨਾਂ ਦੱਸਿਆ ਕਿ ਆਉਣ ਵਾਲੇ ਸਮੇਂ ਦੌਰਾਨ ਉਹ ਅਲੱਗ-ਅਲੱਗ ਤਰ੍ਹਾਂ ਦੇ ਨੈਚੁਰਲ ਉਤਪਾਦ ਪੇਸ਼ ਕਰਨਗੇ ।

# ਖੇਤੀਬਾੜੀ ਵਿਕਾਸ ਬੈਂਕ ਵਲੋਂ ਆਮ ਇਜਲਾਸ ਕਰਵਾਇਆ

**ਲੋਕਾਂ ਦੀ ਸਹੂਲਤ ਲਈ ਕਰਜ਼ੇ ਦੀ ਰਕਮ ਵਧਾਈ ਜਾਵੇ**

**ਮੋਰਿੰਡਾ, (ਸੁਖਵਿੰਦਰ ਸਿੰਘ ਹੈਪੀ)**-ਖੇਤੀਬਾੜੀ ਵਿਕਾਸ ਬੈਂਕ ਮੋਰਿੰਡਾ ਵਲੋਂ ਸਾਲਾਨਾ ਆਮ ਇਜਲਾਸ ਕਰਵਾਇਆ ਗਿਆ। ਇਸ ਦੀ ਪ੍ਰਧਾਨਗੀ ਬੈਂਕ ਦੇ ਚੇਅਰਮੈਨ ਦਰਸ਼ਨ ਸਿੰਘ ਸੰਧੂ ਨੇ ਕੀਤੀ। ਇਸ ਸਬੰਧੀ ਜਾਣਕਾਰੀ ਦਿੰਦਿਆਂ ਬੈਂਕ ਦੇ ਮੈਨੇਜਰ ਸੰਨਦੀਪਇੰਦਰ ਸਿੰਘ ਗਰੇਵਾਲ ਨੇ ਦੱਸਿਆ ਕਿ ਇਸ ਮੌਕੇ ਸਹਿਕ-ਾਰਤਾ ਵਿਭਾਗ ਵੱਲੋਂ ਬੈਂਕ ਦੇ ਜ਼ਿਲ੍ਹਾ ਰੂਪਨਗਰ ਦੇ ਏ ਜੀ ਐਮ ਗਰੀਸ਼ ਮਿਤਲ ਪਹੁੰਚੇ। ਮੈਨੇਜਰ ਗਰੇਵਾਲ ਨੇ ਬੈਂਕ ਵਲੋਂ ਕਿਸਾਨਾਂ, ਮਜ਼ਦੂਰਾਂ ਅਤੇ ਮੁਲਾਜ਼ਮਾਂ ਦੀ ਭਲਾਈ ਲਈ ਚਲਾਈਆਂ ਸਕੀਮਾਂ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ। ਅਤੇ ਬੈਂਕ ਦੀ ਸਾਲਾਨਾ ਕਾਰਗੁਜ਼ਾਰੀ ਦੀ ਰਿਪੋਰਟ ਪੇਸ਼ ਕੀਤੀ। ਜਿਸ ਨੂੰ ਹਾਲ ਵਿਚ ਹਾਜ਼ਰ ਕਿਸਾਨਾਂ, ਗਾਹਕਾਂ ਅਤੇ ਮੈਂਬਰਾਂ ਨੇ ਸਰਬਸੰਮਤੀ ਨਾਲ ਪਾਸ ਕੀਤੀ। ਇਸ ਮੌਕੇ ਬੈਂਕ ਦੇ ਵਾਇਸ ਚੇਅਰਮੈਨ ਕਰਨੈਲ ਸਿੰਘ ਜੀਤ ਨੇ ਇਜਲਾਸ ਨੂੰ ਸੰਬੋਧਨ ਕਰਦਿਆਂ ਦੱਸਿਆ ਕਿ ਬੈਂਕ 1958 ਵਿਚ ਉਸ ਵੇਲੇ ਹੋਂਦ ਵਿੱਚ ਆਇਆ ਜਦੋਂ ਕਿਸਾਨ ਸ਼ਾਹੂਕਾਰਾਂ ਦੇ ਜਾ਼ਲ ਵਿੱਚ ਜਕੜਿਆ ਹੋਇਆ ਸੀ।



ਬੈਂਕ ਦੇ ਹੋਂਦ ਵਿੱਚ ਆਉਣ ਨਾਲ ਕਿਸਾਨ ਖੁਸ਼ਹਾਲ ਅਤੇ ਆਤਮਨਿਰਭਰ ਹੋਇਆ। ਉਹਨਾਂ ਦੱਸਿਆ ਕਿ ਇਸ ਮੌਕੇ ਇਸ ਬੈਂਕ ਦੀਆਂ ਪੰਜਾਬ ਭਰ ਵਿੱਚ 93 ਬ੍ਰਾਂਚਾਂ ਪੰਜਾਬ ਵਾਸੀਆਂ ਦੀ ਸੇਵਾ ਕਰਨ ਲਈ ਕੰਮ ਕਰ ਰਹੀਆਂ ਹਨ ਉਹਨਾਂ ਪੰਜਾਬ ਸਰਕਾਰ ਵੱਲੋਂ ਲੋਕਾਂ ਲਈ ਪੰਜ ਲੱਖ ਰੁਪਏ ਦੇ ਕਰਜ਼ੇ ਦੀ ਸਹੂਲਤ ਮੁੜ ਖੋਲ੍ਹਣ ਦੀ ਪ੍ਰਸੰਸਾ ਕਰਦਿਆਂ ਮੰਗ ਕੀਤੀ ਕਿ ਕਰਜ਼ੇ ਦੀ ਲਿਮਟ ਵਧੀਆ ਜਾਵੇ ਤਾਂ ਜ਼ੋ ਕਿਸਾਨ, ਮਜ਼ਦੂਰ ਅਤੇ ਮੁਲਾਜ਼ਮ ਅਪਣੇ ਕਾਰੋਬਾਰ ਅਰੰਭ ਕਰਕੇ ਆਪਣੇ ਪੈਰਾਂ ਤੇ ਖੜੇ ਹੋ ਸੱਕਣ। ਇਸ ਮੌਕੇ ਵਿਸ਼ੇਸ਼ ਮਹਿਮਾਨ ਵਜੋਂ ਪੁੱਜੇ ਸਹਿਕਾਰਤਾ ਪ੍ਰੇਮੀ ਹਰਮਿੰਦਰ ਸਿੰਘ ਲੱਕੀ ਨੇ ਇਜਲਾਸ ਨੂੰ ਸੰਬੋਧਨ ਕਰਦਿਆਂ ਬੈਂਕ ਦੀ ਸਾਲਾਨਾ ਕਾਰਗੁਜ਼ਾਰੀ ਦੀ ਪ੍ਰਸੰਸਾ ਕਰਦਿਆਂ ਬੈਂਕ ਦੇ ਪ੍ਰਬੰਧਕਾਂ ਨੂੰ ਵਧਾਈਆਂ ਦਿੱਤੀਆਂ। ਇਸ ਮੋਕੇ ਇਫਕੋ ਵਲੋਂ ਪਹੁੰਚੇ ਗੁਰਬੀਰ ਸਿੰਘ ਨੇ ਕਿਸਾਨਾਂ ਨੂੰ ਫ਼ਸਲ ਦੇ ਵੱਧ ਝਾੜ ਲਈ ਕੀਟਨਾਸ਼ਕ ਦਵਾਈਆਂ, ਵਧੀਆ ਖਾਦਾਂ ਸਬੰਧੀ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ। ਇਸ ਮੌਕੇ ਡਾਇਰੈਕਟਰ ਰਣਦੀਪ ਸਿੰਘ ਸਰਪੰਚ ਢੰਗਰਾਲੀ, ਗੁਰਦੀਪ ਸਿੰਘ ਤੂਰ ਡਾਇਰੈਕਟਰ, ਗੁਰਮੇਲ ਸਿੰਘ ਡਾਇਰੈਕਟਰ, ਮੋਹਣ ਸਿੰਘ ਰਾਮਗੜ੍ਹ ਮੰਡਾਂ ਡਾਇਰੈਕਟਰ, ਬੀਬੀ ਹਰਦੀਪ ਕੌਰ ਕੰਗ ਡਾਇਰੈਕਟਰ ਅਤੇ ਰਾਜਪ੍ਰੀਤ ਕੌਰ ਬੱਲਾਂ ਡਾਇਰੈਕਟਰ, ਨਗਰ ਕੌਂਸਲ ਮੋਰਿੰਡਾ ਦੇ ਸਾਬਕਾ ਪ੍ਰਧਾਨ ਹਰੀਪਾਲ, ਸਰਪੰਚ ਦਲਵੀਰ ਸਿੰਘ ਮੂੰਡੀਆਂ, ਨਰਾਤਾ ਸਿੰਘ ਹਰਨੌਲੀ, ਬਲਵਿੰਦਰ ਸਿੰਘ ਸੰਧੂ ਸਾਬਕਾ ਸਰਪੰਚ, ਤੇਜਿੰਦਰ ਸਿੰਘ ਬਲਾਕ ਸੰਮਤੀ ਮੈਂਬਰ ਮੋਰਿੰਡਾ, ਅਮਰਜੀਤ ਸਿੰਘ ਕੰਗ ਪ੍ਰਧਾਨ ਸੀਨੀਅਰ ਸਿਟੀਜਨ ਕੌਂਸਲ ਮੋਰਿੰਡਾ, ਧਰਮਪਾਲ ਥੱਮਣ ਪ੍ਰਧਾਨ ਸਿਟੀ ਕਾਂਗਰਸ, ਲਾਭ ਸਿੰਘ ਫੋਜੀ, ਬਲਵਿੰਦਰ ਸਿੰਘ ਮੂੰਡੀਆਂ, ਕਾਮਰੇਡ ਕਾਕਾ ਰਾਮ, ਅਜੀਤ ਸਿੰਘ ਛਿੱਬਰ, ਮਹਿਲਾ ਚੇਤਨਾ ਮੰਚ ਦੀ ਆਗੂ ਰਾਜਵੰਤ ਕੌਰ, ਨਸੀਬ ਕੌਰ, ਭੂਸ਼ਨ ਕੁਮਾਰ , ਹਰਪ੍ਰੀਤ ਸਿੰਘ, ਸਰਬਜੀਤ ਸਿੰਘ ਹੈਪੀ ਆਦਿ ਕਿਸਾਨ ਆਗੂ ਅਤੇ ਪਤਵੰਤੇ ਸੱਜਣ ਹਾਜ਼ਰ ਸਨ।

# ਪਾਵਰ ਆਫ ਮੈਨ ਵੈਲਫੇਅਰ ਸੁਸਾਇਟੀ ਵਲੋਂ ਬੇਟਾ ਬਚਾਓ ਅਭਿਆਨ ਸ਼ੁਰੂ

**ਮੋਰਿੰਡਾ, (ਸੁਖਵਿੰਦਰ ਸਿੰਘ ਹੈਪੀ)**-ਪਾਵਰ ਆਫ ਮੈਨ ਵੈਲਫੇਅਰ ਸੁਸਾਇਟੀ ਵੱਲੋਂ “ਬੇਟਾ ਬਚਾਓ ਅਭਿਆਨ ਸ਼ੁਰੂ ਕੀਤੀ ਗਈ ਇਸ ਲੜੀ ਦੇ ਤਹਿਤ ਅੱਜ “ਕੀ ਬੇਟਾ ਸੁਰੱਖਿਅਤ ਹੈ?” ਸਿਰਲੇਖ ਹੇਠ ਚੰਡੀਗੜ੍ਹ-ਲੁਧਿਆਣਾ ਪੁਰਾਣਾ ਬੱਸ ਸਟੈਂਡ, ਮੋਰਿੰਡਾ ਵਿਖੇ ਇਕ ਜਨ-ਜਾਗਰੂਕਤਾ ਮੁਹਿੰਮ ਆਯੋਜਿਤ ਕੀਤੀ ਗਈ। ਇਹ ਮੁਹਿੰਮ ਸੰਸਥਾ ਦੇ ਪ੍ਰਧਾਨ ਅਨਮੋਲ ਡੰਗ ਦੀ ਅਗਵਾਈ ਅਤੇ ਕਮਲਜੀਤ ਕੌਰ ਦੀ ਲੀਡਰਸ਼ਿਪ ਹੇਠ ਕਰਵਾਈ ਗਈ। ਮੁਹਿੰਮ ਦੌਰਾਨ ਸੇਵਾਦਾਰਾਂ ਨੇ ਆਮ ਲੋਕਾਂ ਨਾਲ ਸਿੱਧਾ ਸੰਵਾਦ ਕਰਦੇ ਹੋਏ ਪੁਰਸ਼ਾਂ ਅਤੇ ਬੇਟਿਆਂ ਨਾਲ ਜੁੜੇ ਸਮਾਜਿਕ ਅਤੇ ਕਾਨੂੰਨੀ ਮਸਲਿਆਂ ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਦੱਸਿਆ ਕਿ ਅੱਜ ਦੇ ਸਮੇਂ ਵਿੱਚ ਕਈ ਪੁਰਸ਼ ਅਤੇ ਨੌਜਵਾਨ ਵੱਖ-ਵੱਖ ਅਨਿਆਇਕ ਹਾਲਾਤਾਂ ਦਾ ਸਾਹਮਣਾ ਕਰ ਰਹੇ ਹਨ ਅਤੇ ਉਨ੍ਹਾਂ ਲਈ ਸਹੀ ਸਹਾਇਤਾ ਅਤੇ ਕਾਨੂੰਨੀ ਸੁਰੱਖਿਆ ਦੀ ਕਮੀ ਮਹਿਸੂਸ ਕੀਤੀ ਜਾ ਰਹੀ ਹੈ।

ਸੇਵਾਦਾਰਾਂ ਵੱਲੋਂ ਖਾਸ ਤੌਰ ‘ਤੇ ਮਾਨਸਿਕ ਦਬਾਅ ਕਾਰਨ ਵੱਧ ਰਹੇ ਆਤਮਹੱਤਿਆ ਦੇ ਮਾਮਲੇ, ਪਰਿਵਾਰਕ ਵਿਵਾਦਾਂ ਕਰਕੇ



ਮਾਪਿਆਂ ਦਾ ਬੱਚਿਆਂ ਤੋਂ ਵੱਖ ਹੋਣਾ, ਕਾਨੂੰਨੀ ਪ੍ਰਕਿਰਿਆਵਾਂ ਵਿੱਚ ਪੁਰਸ਼ਾਂ ਦੇ ਮਸਲਿਆਂ ਦੀ ਅਣਦੇਖੀ ਅਤੇ ਜੇਲ੍ਹਾਂ ਵਿੱਚ ਬੰਦ ਪੁਰਸ਼ਾਂ ਦੀ ਚਿੰਤਾਜਨਕ ਸਥਿਤੀ ਵਰਗੇ ਮੁੱਦੇ ਉਠਾਏ ਗਏ। ਇਸ ਦੇ ਨਾਲ ਹੀ ਪੁਰਸ਼ਾਂ ਅਤੇ ਬੇਟਿਆਂ ਲਈ ਜਾਗਰੂਕਤਾ ਅਤੇ ਸਹਾਇਤਾ ਪ੍ਰਣਾਲੀ ਨੂੰ ਮਜ਼ਬੂਤ ਕਰਨ ਦੀ ਲੋੜ ‘ਤੇ ਵੀ ਜ਼ੋਰ ਦਿੱਤਾ ਗਿਆ। ਇਸ ਮੌਕੇ ਬੋਲਦੇ ਹੋਏ ਅਨਮੋਲ ਡੰਗ ਨੇ ਕਿਹਾ ਕਿ ਇਹ ਮੁਹਿੰਮ ਕਿਸੇ ਦੇ ਖ਼ਿਲਾਫ ਨਹੀਂ, ਸਗੋਂ ਸਮਾਜ ਵਿੱਚ ਸੰਤੁਲਨ ਅਤੇ ਨਿਆਂ ਬਣਾਈ ਰੱਖਣ ਲਈ ਇਕ ਯਤਨ ਹੈ। ਉਨ੍ਹਾਂ ਕਿਹਾ ਕਿ ਜਿਵੇਂ ਬੇਟੀਆਂ ਦੀ ਸੁਰੱਖਿਆ ਮਹੱਤਵਪੂਰਨ ਹੈ, ਉਸੇ ਤਰ੍ਹਾਂ ਬੇਟਿਆਂ ਦੀ ਸੁਰੱਖਿਆ, ਸਨਮਾਨ ਅਤੇ ਮਾਨਸਿਕ ਸਿਹਤ ‘ਤੇ ਵੀ ਧਿਆਨ ਦੇਣਾ ਜ਼ਰੂਰੀ ਹੈ। ਕਮਲਜੀਤ ਕੌਰ ਨੇ ਕਿਹਾ ਕਿ ਸੰਸਥਾ ਵੱਲੋਂ ਭਵਿੱਖ ਵਿੱਚ ਵੀ ਇਸ ਤਰ੍ਹਾਂ ਦੀਆਂ ਮੁਹਿੰਮਾਂ ਜਾਰੀ ਰੱਖੀਆਂ ਜਾਣਗੀਆਂ ਤਾਂ ਜੋ ਇਹ ਮਸਲੇ ਵੱਡੇ ਪੱਧਰ ‘ਤੇ ਲੋਕਾਂ ਤੱਕ ਪਹੁੰਚ ਸਕਣ। ਇਸ ਜਾਗਰੂਕਤਾ ਮੁਹਿੰਮ ਨੂੰ ਨਿਰਮਲ ਪ੍ਰੀਤ ਸਿੰਘ ਮਿਹਰਵਾਨ , ਪ੍ਰਵੀਨ ਕੁਮਾਰ, ਸ਼ੇਰ ਸਿੰਘ, ਕੁਲਦੀਪ ਸਿੰਘ ਖੇੜੀ, ਰਾਜਿੰਦਰ ਸਿੰਘ ਰਾਜਾ ਅਤੇ ਨਿਰਪਾਲ ਸਿੰਘ ਮੰਡੇਰ ਵਾਈਸ ਚੇਅਰਮੈਨ ਬਲਾਕ ਸੰਮਤੀ ਖਰੜ) ਸਮੇਤ ਹੋਰ ਸਹਿਯੋਗੀਆਂ ਅਤੇ ਆਮ ਜਨਤਾ ਵੱਲੋਂ ਭਰਪੂਰ ਸਹਿਯੋਗ ਮਿਲਿਆ। ਕਈ ਲੋਕਾਂ ਨੇ ਉਠਾਏ ਗਏ ਮਸਲਿਆਂ ‘ਤੇ ਗੰਭੀਰ ਚਿੰਤਾ ਵੀ ਜਤਾਈ। ਇਸ ਮੌਕੇ ਸਿਟੀ ਥਾਣਾ ਮੋਰਿੰਡਾ ਦੇ ਐਸ ਐਚ ਓ ਗੁਰਮੁੱਖ ਸਿੰਘ ਵਿਸ਼ੇਸ਼ ਤੌਰ ਤੇ ਹਾਜ਼ਰ ਸਨ।

# ਮਾਂ ਦਿਵਸ ਤੇ ਵਿਸਾਖੀ ਦੇ ਸਬੰਧ 'ਚ ਲੈਸਟਰ 'ਚ ਕਰਵਾਇਆ ਗਿਆ ਸ਼ਾਨਦਾਰ ਸਮਾਗਮ






**ਗੀਤ ਪੇਸ਼ ਕਰਦੇ ਹੋਏ ਵੱਖ ਵੱਖ ਕਲਾਕਾਰ ਅਤੇ ਪ੍ਰਮੁੱਖ ਸਖਸ਼ੀਅਤਾ ਦਾ ਸਨਮਾਨ ਕਰਦੇ ਹੋਏ ਪ੍ਰਬੰਧਕ, ਤਸਵੀਰ:- ਸੁਖਜਿੰਦਰ ਸਿੰਘ ਢੱਡੇ**

**ਲੈਸਟਰ (ਇੰਗਲੈਂਡ), (ਸੁਖਜਿੰਦਰ ਸਿੰਘ ਢੱਡੇ)-** ਮਾਂ ਦਿਵਸ ਅਤੇ ਵਿਸਾਖੀ ਦੇ ਸਬੰਧ ਵਿੱਚ ਸਾਝ ਕਲਾ ਕੇਂਦਰ ਲੈਸਟਰ ਦੀਆਂ ਪ੍ਰਬੰਧਕਾ ਮਨਜਿੰਦਰ ਪੁਰੇਵਾਲ ਅਤੇ ਪਰਮਜੀਤ ਕੌਰ ਵੱਲੋਂ ਲੈਸਟਰ ਵਿਖੇ ਇਕ ਵਿਸ਼ਾਲ ਤੇ ਸ਼ਾਨਦਾਰ ਸਮਾਗਮ ਕਰਵਾਇਆ ਗਿਆ, ਜਿਸ ਵਿੱਚ ਵੱਡੀ ਗਿਣਤੀ ਵਿੱਚ ਪੰਜਾਬੀ ਭਾਈਚਾਰੇ ਦੇ ਲੋਕਾਂ ਨੇ ਸ਼ਿਰਕਤ ਕਰਕੇ ਪ੍ਰੋਗਰਾਮ ਦੀ ਰੌਣਕ ਨੂੰ ਹੋਰ ਵੀ ਵਧਾ ਦਿੱਤਾ। ਇਸ ਸਮਾਗਮ ਦਾ ਮੁੱਖ ਮਕਸਦ ਮਾਂ ਦੀ ਮਹਾਨਤਾ ਨੂੰ ਸਲਾਮ ਕਰਨਾ ਅਤੇ ਵਿਸਾਖੀ ਦੇ ਪਵਿੱਤਰ ਤਿਉਹਾਰ ਦੀ ਖ਼ੁਸ਼ੀ ਨੂੰ ਵਿਦੇਸ਼ ਧਰਤੀ 'ਤੇ ਮਨਾਉਣਾ ਸੀ।

ਸਮਾਗਮ ਦੌਰਾਨ ਪੰਜਾਬ ਤੋਂ ਵਿਸ਼ੇਸ਼ ਤੌਰ 'ਤੇ ਪੁੱਜੇ ਕਲਾਕਾਰਾਂ ਨੇ ਆਪਣੇ ਰੰਗਾਰੰਗ ਪ੍ਰੋਗਰਾਮਾਂ ਰਾਹੀਂ ਦਰਸ਼ਕਾਂ ਨੂੰ ਮੰਤਰਮੁਗਧ ਕਰ ਦਿੱਤਾ। ਕਲਾਕਾਰਾਂ ਵੱਲੋਂ ਗਾਇਕੀ, ਨਾਚ ਅਤੇ ਸਭਿਆਚਾਰਕ ਪ੍ਰਸਤੁਤੀਆਂ ਪੇਸ਼ ਕੀਤੀਆਂ ਗਈਆਂ, ਜਿਨ੍ਹਾਂ ਰਾਹੀਂ ਪੰਜਾਬੀ ਸਭਿਆਚਾਰ ਦੀ ਰੰਗਤ ਅਤੇ ਮਾਂ ਦੇ ਪਿਆਰ ਦੀ ਮਹਾਨਤਾ ਨੂੰ ਬੜੀ ਸੁੰਦਰ ਢੰਗ ਨਾਲ ਦਰਸਾਇਆ ਗਿਆ। ਵਿਸਾਖੀ ਦੇ ਇਤਿਹਾਸਕ ਮਹੱਤਵ ਅਤੇ ਪੰਜਾਬ ਦੀ ਸੰਸਕ੍ਰਿਤੀ ਨੂੰ ਉਜਾਗਰ ਕਰਦੀਆਂ ਪੇਸ਼ਕਾਰੀਆਂ ਨੂੰ ਦਰਸ਼ਕਾਂ ਵੱਲੋਂ ਭਰਪੂਰ ਤਾਲੀਆਂ ਨਾਲ ਸਨਮਾਨਿਤ ਕੀਤਾ ਗਿਆ।

ਇਸ ਮੌਕੇ ਸਮਾਜਿਕ ਅਤੇ ਪੱਤਰਕਾਰੀ ਖੇਤਰ ਵਿੱਚ ਮਹੱਤਵਪੂਰਨ ਯੋਗਦਾਨ ਪਾਉਣ ਵਾਲੇ ਸੀਨੀਅਰ ਪੱਤਰਕਾਰ ਸੁਖਜਿੰਦਰ ਸਿੰਘ ਢੱਡੇ ਦਾ ਵਿਸ਼ੇਸ਼ ਤੌਰ 'ਤੇ ਸਨਮਾਨ ਵੀ ਕੀਤਾ ਗਿਆ। ਆਯੋਜਕਾਂ ਵੱਲੋਂ ਉਨ੍ਹਾਂ ਨੂੰ ਸਿਰੋਪਾ ਅਤੇ ਯਾਦਗਾਰੀ ਚਿੰਨ੍ਹ ਭੇਟ ਕਰਕੇ ਸਨਮਾਨਿਤ ਕੀਤਾ ਗਿਆ। ਸਮਾਗਮ ਵਿੱਚ ਮੌਜੂਦ ਮਹਿਮਾਨਾਂ ਨੇ ਵੀ ਉਨ੍ਹਾਂ ਦੀ ਸੇਵਾ ਅਤੇ ਯੋਗਦਾਨ ਦੀ ਪ੍ਰਸ਼ੰਸਾ ਕੀਤੀ।

ਇਸ ਦੌਰਾਨ ਸਮਾਗਮ ਵਿੱਚ ਸ਼ਾਮਲ ਹੋਏ ਮਹਿਮਾਨਾਂ ਨੇ ਕਿਹਾ ਕਿ ਇਸ ਤਰ੍ਹਾਂ ਦੇ ਸਭਿਆਚਾਰਕ ਪ੍ਰੋਗਰਾਮ ਵਿਦੇਸ਼ਾਂ ਵਿੱਚ ਰਹਿੰਦੇ ਪੰਜਾਬੀਆਂ ਲਈ ਆਪਣੀ ਮਾਤਭੂਮੀ ਅਤੇ ਰਿਵਾਇਤਾਂ ਨਾਲ ਜੁੜੇ ਰਹਿਣ ਦਾ ਸੁਨਹਿਰਾ ਮੌਕਾ ਹੁੰਦੇ ਹਨ। ਉਨ੍ਹਾਂ ਕਿਹਾ ਕਿ ਮਾਂ ਦਿਵਸ ਵਰਗੇ ਮੌਕੇ ਸਾਨੂੰ ਮਾਂ ਦੀ ਕੁਰਬਾਨੀ ਅਤੇ ਪਿਆਰ ਦੀ ਯਾਦ ਦਿਵਾਉਂਦੇ ਹਨ, ਜਦਕਿ ਵਿਸਾਖੀ ਦਾ ਤਿਉਹਾਰ ਸਾਡੇ ਲਈ ਖ਼ੁਸ਼ੀ, ਇਕਤਾ ਅਤੇ ਇਤਿਹਾਸਕ ਮਾਣ ਦਾ ਪ੍ਰਤੀਕ ਹੈ। ਪ੍ਰਬੰਧਕਾ ਮਨਜਿੰਦਰ ਪੁਰੇਵਾਲ ਅਤੇ ਪਰਮਜੀਤ ਕੌਰ ਨੇ ਆਏ ਹੋਏ ਮਹਿਮਾਨਾਂ, ਕਲਾਕਾਰਾਂ ਅਤੇ ਦਰਸ਼ਕਾਂ ਦਾ ਦਿਲੋਂ ਧੰਨਵਾਦ ਕਰਦਿਆਂ ਕਿਹਾ ਕਿ ਸਾਝ ਕਲਾ ਕੇਂਦਰ ਦਾ ਮਕਸਦ ਹਮੇਸ਼ਾਂ ਪੰਜਾਬੀ ਸਭਿਆਚਾਰ ਨੂੰ ਉਭਾਰਨਾ ਅਤੇ ਨਵੀਂ ਪੀੜ੍ਹੀ ਨੂੰ ਆਪਣੀਆਂ ਜੜ੍ਹਾਂ ਨਾਲ ਜੋੜ ਕੇ ਰੱਖਣਾ ਹੈ। ਉਨ੍ਹਾਂ ਕਿਹਾ ਕਿ ਭਵਿੱਖ ਵਿੱਚ ਵੀ ਇਸ ਤਰ੍ਹਾਂ ਦੇ ਸਮਾਗਮ ਕਰਵਾਏ ਜਾਂਦੇ ਰਹਿਣਗੇ ਤਾਂ ਜੋ ਪੰਜਾਬੀ ਭਾਈਚਾਰਾ ਇਕ ਮੰਚ 'ਤੇ ਇਕੱਠਾ ਹੋ ਕੇ ਆਪਣੀ ਸੰਸਕ੍ਰਿਤੀ ਦਾ ਜਸ਼ਨ ਮਨਾ ਸਕੇ। ਸਮਾਗਮ ਦੇ ਅੰਤ ਵਿੱਚ ਕਲਾਕਾਰਾਂ ਅਤੇ ਆਯੋਜਕਾਂ ਦਾ ਸਨਮਾਨ ਕੀਤਾ ਗਿਆ ਅਤੇ ਹਾਜ਼ਰੀਨਾਂ ਨੇ ਇਸ ਯਾਦਗਾਰ ਸਮਾਗਮ ਦਾ ਭਰਪੂਰ ਆਨੰਦ ਮਾਣਿਆ।

# ਲੜਾਈ ਦੇਸ਼ ਜਾਂ ਵਿਦੇਸ਼ ਵਿੱਚ ਚੱਲ ਰਹੀ ਹੋਵੇ ਉਸ ਦਾ ਮਨੁੱਖੀ ਮਨੋਵਿਗਿਆਨ ਉੱਤੇ ਪ੍ਰਭਾਵ ਜ਼ਰੂਰ ਪੈਂਦਾ

ਲੜਾਈ ਇਕ ਐਸਾ ਸ਼ਬਦ ਹੈ ਜੋ ਆਪਣੇ ਵਿੱਚ ਤਬਾਹੀ, ਡਰ, ਅਨਿਸ਼ਚਿਤਤਾ ਅਤੇ ਦੁੱਖ ਦੀਆਂ ਅਣਗਿਣਤ ਪਰਤਾਂ ਲੁਕਾਈ ਰੱਖਦਾ ਹੈ। ਇਹ ਲੜਾਈ ਚਾਹੇ ਆਪਣੇ ਘਰ ਵਿੱਚ ਦੋ ਵਿਅਕਤੀਆਂ ਵਿਚਕਾਰ ਹੋਵੇ, ਆਪਣੇ ਦੇਸ਼ ਵਿੱਚ ਸਮਾਜਕ ਜਾਂ ਰਾਜਨੀਤਿਕ ਝਗੜੇ ਦੇ ਰੂਪ ਵਿੱਚ ਹੋਵੇ ਜਾਂ ਫਿਰ ਕਿਸੇ ਹੋਰ ਦੇਸ਼ ਵਿੱਚ ਚੱਲ ਰਹੀ ਜੰਗ ਦੇ ਰੂਪ ਵਿੱਚ ਹੋਵੇ। ਇਹ ਸਿਰਫ ਹਥਿਆਰਾਂ ਤੱਕ ਹੀ ਸੀਮਤ ਨਹੀਂ ਰਹਿੰਦੀ, ਸਗੋਂ ਇਹ ਮਨੁੱਖੀ ਦਿਮਾਗ ਅਤੇ ਜਜ਼ਬਾਤਾਂ ਉੱਤੇ ਵੀ ਡੂੰਘਾ ਅਸਰ ਛੱਡਦੀ ਹੈ। ਜਦ ਘਰ ਵਿੱਚ ਲੜਾਈ ਹੁੰਦੀ ਹੈ। ਮਾਂ-ਪਿਓ ਵਿਚਕਾਰ, ਭੈਣ-ਭਰਾ ਵਿਚਕਾਰ ਜਾਂ ਪਤੀ-ਪਤਨੀ ਵਿਚਕਾਰ ਤਾਂ ਇਹ ਸਿਰਫ਼ ਅਵਾਜ਼ਾਂ ਦੀ ਝੜਪ ਨਹੀਂ ਹੁੰਦੀ, ਸਗੋਂ ਇਹ ਘਰ ਦੇ ਵਾਤਾਵਰਣ ਨੂੰ ਵੀ ਪ੍ਰਭਾਵਿਤ ਕਰ ਦਿੰਦੀ ਹੈ। ਬੱਚਿਆਂ ਦੇ ਮਨ ਵਿੱਚ ਡਰ, ਘਬਰਾਹਟ ਅਤੇ ਅਸੁਰੱਖਿਆ ਦੀ ਭਾਵਨਾ ਜੰਮਣ ਲੱਗਦੀ ਹੈ। ਲੰਬੇ ਸਮੇਂ ਤੱਕ ਅਜਿਹੀ ਹਾਲਤ ਰਹਿਣ 'ਤੇ ਬੱਚਿਆਂ ਦੀ ਮਨੋਵਿਗਿਆਨਿਕ ਵਿਕਾਸ ਰੁਕ ਸਕਦੀ ਹੈ, ਜੋ ਉਨ੍ਹਾਂ ਦੀ ਆਗਾਮੀ ਜ਼ਿੰਦਗੀ ਉੱਤੇ ਗੰਭੀਰ ਪ੍ਰਭਾਵ ਪਾ ਸਕਦੀ ਹੈ। ਜਦ ਇੱਕ ਦੇਸ਼ ਅੰਦਰ ਰਾਜਨੀਤਿਕ, ਧਾਰਮਿਕ ਜਾਂ ਵਕਤ-ਵਕਤ ਦੀ ਹਿੰਸਾ ਚੱਲ ਰਹੀ ਹੋਵੇ, ਤਾਂ ਲੋਕਾਂ ਦੇ ਦਿਲਾਂ ਵਿੱਚ ਭਰੋਸੇ ਦੀ ਥਾਂ ਸ਼ੱਕ, ਪਿਆਰ ਦੀ ਥਾਂ ਨਫ਼ਰਤ, ਅਤੇ ਆਸ ਦੀ ਥਾਂ ਨਿਰਾਸਾ ਜਮ ਜਾਦੀ ਹੈ। ਇਸਦਾ ਨਤੀਜਾ ਇਹ ਹੁੰਦਾ ਹੈ ਕਿ ਸਮਾਜ ਵੰਡਿਆ ਜਾਂਦਾ ਹੈ। ਹਿੰਸਕ ਮਾਹੌਲ ਵਿੱਚ ਜੀ ਰਹੇ ਲੋਕ ਹਮੇਸ਼ਾ ਆਤਮਿਕ ਤਣਾਅ ਅਤੇ ਡਿਪਰੈਸ਼ਨ ਦੇ ਸ਼ਿਕਾਰ ਹੋ ਜਾਂਦੇ ਹਨ। ਚਾਹੇ ਲੜਾਈ ਕਿਸੇ ਹੋਰ ਦੇਸ਼ ਵਿੱਚ ਚੱਲ ਰਹੀ ਹੋਵੇ, ਪਰ ਜਦੋਂ ਉਸ ਦੀਆਂ ਤਸਵੀਰਾਂ, ਖ਼ਬਰਾਂ ਅਤੇ ਵੀਡੀਓਜ਼ ਸੋਸ਼ਲ ਮੀਡੀਆ ਰਾਹੀਂ ਲੋਕਾਂ ਤੱਕ ਪਹੁੰਚਦੀਆਂ ਹਨ, ਤਾਂ ਮਨੁੱਖੀ ਦਿਲ ਕੰਬ ਉਠਦੇ ਹਨ। ਜਿਨ੍ਹਾਂ ਦੇ ਪਰਿਵਾਰ ਦੇ ਮੈਂਬਰ ਵਿਦੇਸ਼ ਰਹਿੰਦੇ ਹਨ, ਉਨ੍ਹਾਂ ਵਿੱਚ ਚਿੰਤਾ, ਡਰ ਅਤੇ ਅਵਸਾਦ ਵੱਧ ਜਾਂਦਾ ਹੈ। ਇਹ ਅਸਰ ਨਿਰਵਚਨ ਅਤੇ ਅਣਦਿੱਖਾ ਹੁੰਦਾ ਹੈ, ਪਰ ਇਹ ਗੰਭੀਰ ਹੁੰਦਾ ਹੈ। ਹਰ ਲੜਾਈ ਸਾਨੂੰ ਇਹ ਸਿਖਿਆ ਦਿੰਦੀ ਹੈ ਕਿ ਤਾਕਤ ਹਥਿਆਰਾਂ ਦੀ ਨਹੀਂ, ਸਾਂਝ ਦੀ ਹੁੰਦੀ ਹੈ। ਜੇਕਰ ਅਸੀਂ ਘਰੇਲੂ ਝਗੜਿਆਂ ਨੂੰ ਸੰਵਾਦ ਨਾਲ, ਰਾਜਨੀਤਿਕ ਵਿਵਾਦਾਂ ਨੂੰ ਸਮਝਦਾਰੀ ਨਾਲ ਅਤੇ ਵਿਦੇਸ਼ੀ ਜੰਗਾਂ ਦੀ ਥਾਂ ਅਮਨ ਦੀ ਰਾਹ ਨੂੰ ਤਰਜੀਹ ਦੇਈਏ, ਤਾਂ ਮਨੁੱਖੀ ਜੀਵਨ ਚੈਨ, ਤਰੱਕੀ ਅਤੇ ਆਤਮਿਕ ਸ਼ਾਂਤੀ ਵੱਲ ਵਧ ਸਕਦਾ ਹੈ। ਲੜਾਈ ਕਿਸੇ ਵੀ ਪੱਧਰ 'ਤੇ ਹੋਵੇ, ਇਹ ਸਿਰਫ਼ ਹਾਲਾਤਾਂ ਨੂੰ ਹੀ ਨਹੀਂ, ਸਗੋਂ ਮਨੁੱਖੀ ਅੰਦਰੂਨੀ ਦੁਨੀਆਂ ਨੂੰ ਵੀ ਝੰਜੋੜ ਕੇ ਰੱਖ ਦਿੰਦੀ ਹੈ। ਇਸ ਲਈ ਸਾਨੂੰ ਹਰ ਪੱਧਰ 'ਤੇ ਅਮਨ, ਸੰਵਾਦ ਅਤੇ ਸਹਿਯੋਗ ਦੀ ਨੀਂਹ ਰੱਖਣੀ ਹੋਵੇਗੀ, ਤਾਂ ਕਿ ਲੜਾਈਆਂ ਦੀ ਥਾਂ ਸਾਂਝ, ਵਿਸ਼ਵਾਸ ਅਤੇ ਪਿਆਰ ਲੈ ਸਕਣ।



**ਲਖਵਿੰਦਰ ਸਿੰਘ ਗਿੱਲ**
**9855271004**

# ਸੱਪ ਵਰਗਾ ਜ਼ਹਿਰੀ ਨਾ ਕੋਈ ਹੋਵੇ



ਇਸ ਦੁਨੀਆਂ ਤੇ ਇੱਕੋ ਇੱਕ ਜੀਵ ਸੱਪ ਹੈ, ਜਿਸ ਨੂੰ ਦੋਸਤੀ ਨਿਭਾਉਣੀ ਨਹੀਂ ਆਉਂਦੀ। ਸਪੇਰਿਆਂ ਤੋਂ ਬਿਨਾਂ, ਹੋਰ ਕਿਸੇ ਨੂੰ ਜਾਚ ਨ੍ਹੀਂ ਆਉਂਦੀ।ਉਸ ਦੇ ਜ਼ੀਨ ਵਿਚ ਮਿਤਰਤਾ, ਸਾਂਝ ਦੀ ਸਮਝ ਵਾਲਾ ਖਾਨਾ ਰੱਬ ਨੇ ਨਹੀਂ ਲਾਇਆ। ਜਿਸ ਨੇ ਨੇੜਤਾ ਬਣਾਈ ਉਹ ਵੀ ਪਛਤਾਇਆ।ਅਪਣਿਆਂ ਨੂੰ ਵੀ ਡੰਗ ਮਾਰਨ ਤੋਂ ਨਹੀਂ ਝਿਜਕਦਾ। ਫੁਰਤੀਲਾ ਵੀ ਬਹੁਤ ਹੈ,, ਦੁਸ਼ਮਣ ਵੱਲ ਹੌਲੀ ਹੌਲੀ ਸਿਰਕਦਾ। ਬੰਦਿਆਂ ਵਿਚ ਵੀ ਸੱਪਾਂ ਵਰਗੀਆਂ ਨਸਲਾਂ ਬਣਗੀਆਂ, ਨੇਤਾ ਅਤੇ ਰਾਜਨੀਤਕ ਪਾਰਟੀਆਂ ਇਸ ਦਾਇਰੇ ਵਿੱਚ ਆਉਂਦੀਆਂ। ਸੱਪ ਵਾਂਗੂੰ ਹੀ ਜ਼ਹਿਰ ਉਗਲਣ, ਵਿਰੋਧੀ ਨੂੰ ਜ਼ਹਿਰਾਬਾਦ ਚੜ੍ਹਾਉਂਦੀਆਂ।

ਆਪਸ ਵਿੱਚ ਮਿਲ-ਜੁਲਕੇ ਰਹਿਣਾ ਇਨ੍ਹਾਂ ਦੀ ਫ਼ਿਤਰਤ ਨਹੀਂ, ਜਾਤੀ ਮੁਫਾਦ ਨੂੰ ਪਹਿਲ ਦਿੰਦੇ।ਰਾਹ ਦਾ ਰੋੜਾ ਬਣੇ ਕੋਈ, ਉਸ ਨੂੰ ਦਹਿਲ ਦਿੰਦੇ।ਨਾ ਇਨ੍ਹਾਂ ਨੂੰ ਬੀਨ ਵਜਾ ਕੇ ਕਿਸੇ ਨੂੰ ਕੀਲਣਾ ਆਵੇ, ਨਾ ਇਨ੍ਹਾਂ ਨੂੰ ਮੰਜ਼ਿਲ ਥਿਆਵੇ।ਲਾਲਚ ਕੁਰਸੀ ਦਾ ਇਨ੍ਹਾਂ ਨੂੰ, ਬਿਪਤਾ ਵਿੱਚ ਰੱਖੇ ਪਾਕੇ। ਹਰ ਰੋਜ਼ ਨਵਾਂ ਸੱਪ ਨਿਕਲਦਾ, ਰੱਖਣਾ ਪੈਂਦਾ ਅਪਣਾ ਆਪ ਬਚਾਕੇ। ਸੱਪ ਨੂੰ ਪਟਾਰੀ ਵਿੱਚ ਰੱਖਣਾ ਕਿਸੇ ਕਿਸੇ ਨੂੰ ਹੈ ਆਉਂਦਾ। ਛਾਤਰ ਰਾਜਨੀਤੀਵਾਨਾਂ ਦੇ ਹਿੱਸੇ ਵਿੱਚ ਹੈ ਆਉਂਦਾ।ਬੁਕਲ ਦੇ ਸੱਪ ਬਣਕੇ ਇੱਕ ਦੂਜੇ ਨੂੰ ਡਰਾਉਂਦੇ। ਜਿਸ ਦਾ ਦਾਅ ਲੱਗਦਾ, ਉਸ ਤੇ ਧੋਬੀ ਪਟਕਾ ਲਾਉਂਦੇ।



**ਅਮਰਜੀਤ ਸਿੰਘ ਤੂਰ**
**ਪਿੰਡ ਕੁਲਬੁਰਛਾਂਜ਼ਿਲਾ ਪਟਿਆਲਾ ਹਾਲ-ਆਬਾਦ #639/40ਏ ਚੰਡੀਗੜ੍ਹ**
**ਫੋਨ ਨੰਬਰ : 9878469639**

# ਰਾਜਸਥਾਨੀ ਭਾਈਚਾਰੇ ਵੱਲੋਂ ਬ੍ਰੈਂਪਟਨ ਵਿੱਚ ਧੂਮਧਾਮ ਨਾਲ ਮਨਾਇਆ ਗਿਆ ਗੰਗੌਰ ਸਮਾਗਮ

## ਰਾਜਸਥਾਨੀ ਭਾਈਚਾਰੇ ਤੋਂ ਇਲਾਵਾ ਭਾਰਤੀ ਭਾਈਚਾਰੇ ਦੇ ਲੋਕਾਂ ਨੇ ਵੱਡੀ ਗਿਣਤੀ ਚ ਕੀਤੀ ਸ਼ਮੂਲੀਅਤ








**ਵੈਨਕੂਵਰ, (ਮਲਕੀਤ ਸਿੰਘ)** – ਕੈਨੇਡਾ ਦੇ ਓਨਟਾਰਿਓ ਸੂਬੇ ਦੇ ਬ੍ਰੈਂਪਟਨ ਸ਼ਹਿਰ ਵਿੱਚ ਟ੍ਰਿਵੇਣੀ ਮੰਦਰ ਵਿਖੇ ਰਾਣਾ ਕੈਨੇਡਾ ਵੱਲੋਂ ਗੰਗੌਰ ਤਿਉਹਾਰ ਦੇ ਮੌਕੇ ਤੇ ਇੱਕ ਰੰਗਾ ਰੰਗ ਸਮਾਗਮ ਆਯੋਜਿਤ ਕੀਤਾ ਗਿਆ, ਜਿਸ ਵਿੱਚ ਰਾਜਸਥਾਨੀ ਸੰਸਕ੍ਰਿਤੀ ਅਤੇ ਰਵਾਇਤਾਂ ਦੀ ਖ਼ੂਬਸੂਰਤ ਝਲਕ ਵੇਖਣ ਨੂੰ ਮਿਲੀ। ਇਸ ਸਮਾਗਮ ਵਿੱਚ ਭਾਰਤੀ ਭਾਈਚਾਰੇ ਤੋਂ ਇਲਾਵਾ ਰਾਜਸਥਾਨੀ ਭਾਈਚਾਰੇ ਨਾਲ ਸਬੰਧਤ ਵੱਡੀ ਗਿਣਤੀ ਲੋਕਾਂ ਨੇ ਸ਼ਮੂਲੀਅਤ ਕਰਕੇ ਵਿਦੇਸ਼ ਰਹਿੰਦੇ ਹੋਏ ਵੀ ਆਪਣੇ ਅਮੀਰ ਸੱਭਿਆਚਾਰਕ ਵਿਰਸੇ ਦਾ ਪ੍ਰਗਟਾਵਾ ਕੀਤਾ।

ਰਾਣਾ ਕੈਨੇਡਾ ਦੇ ਡਾਇਰੈਕਟਰ ਰਵੀ ਸਿੰਘ ਗੋਦਾਰਾ ਨੇ ਦੱਸਿਆ ਕਿ ਗੰਗੌਰ ਰਾਜਸਥਾਨੀ ਸੰਸਕ੍ਰਿਤੀ ਦਾ ਇੱਕ ਪ੍ਰਾਚੀਨ ਅਤੇ ਮਹੱਤਵਪੂਰਨ ਤਿਉਹਾਰ ਹੈ, ਜੋ ਹੋਲੀ ਤੋਂ ਬਾਅਦ ਸ਼ੁਰੂ ਹੋ ਕੇ ਗੰਗੌਰ ਤੱਕ ਮਨਾਇਆ ਜਾਂਦਾ ਹੈ। ਇਹ ਤਿਉਹਾਰ ਭਗਵਾਨ ਸ਼ਿਵ ਅਤੇ ਮਾਤਾ ਪਾਰਵਤੀ ਨੂੰ ਸਮਰਪਿਤ ਹੈ ਅਤੇ ਪਤੀ-ਪਤਨੀ ਦੇ ਪਵਿੱਤਰ ਰਿਸ਼ਤੇ, ਪ੍ਰੇਮ ਅਤੇ ਭਗਤੀ ਦਾ ਪ੍ਰਤੀਕ ਮੰਨਿਆ ਜਾਂਦਾ ਹੈ। ਇਸ ਸਮਾਗਮ ਵਿੱਚ ਬਰੈਮਟਨ ਤੋਂ ਇਲਾਵਾ ਨਿਆਗਰਾ ਫਾਲਸ ਅਤੇ ਸਡਬਰੀ ਵਰਗੀਆਂ ਦੂਰ-ਦਰਾਜ ਥਾਵਾਂ ਤੋਂ ਵੀ ਰਾਜਸਥਾਨੀ ਭਾਈਚਾਰੇ ਦੇ ਲੋਕਾਂ ਨੇ ਵਿਸ਼ੇਸ਼ ਤੌਰ ਤੇ ਸਿਰਕਤ ਕੀਤੀ। ਸਮਾਗਮ ਦੌਰਾਨ ਗੰਗੌਰ ਦੀ ਪਰੰਪਰਾਗਤ ਝਾਂਕੀ ਪੇਸ਼ ਕੀਤੀ ਗਈ ਅਤੇ ਇਸਰ-ਗੌਰ ਦੀ ਪੂਜਾ ਕੀਤੀ ਗਈ। ਬੱਚਿਆਂ ਲਈ ਸ਼ਲੋਕ ਮੁਕਾਬਲਾ ਵੀ ਕਰਵਾਇਆ ਗਿਆ, ਜਿਸ ਵਿੱਚ ਨੰਨੇ ਭਾਗੀਦਾਰਾਂ ਨੇ ਸੰਸਕ੍ਰਿਤ ਦੇ ਭਜਨ-ਸ਼ਲੋਕ ਪੇਸ਼ ਕਰਕੇ ਆਪਣੀ ਸੱਭਿਆਚਾਰਕ ਵਿਰਾਸਤ ਨਾਲ ਜੁੜੇ ਰਹਿਣ ਦਾ ਸਬੂਤ ਦਿੱਤਾ ਇਸ ਤੋਂ ਇਲ-ਾਵਾ ਸਰਵੋਤਮ ਪਰੰਪਰਾਗਤ ਵਸਤਰ ਮੁਕਾਬਲੇ ਵਿੱਚ ਪ੍ਰਿਯੰਕਾ, ਰਿੱਧੀ ਅਗਰਵਾਲ ਅਤੇ ਰੇਖਾ ਨੂੰ ਜੇਤੂ ਘੋਸ਼ਿਤ ਕੀਤਾ ਗਿਆ। ਸਮਾਗਮ ਦੌਰਾਨ ਰਾਜਸਥਾਨੀ ਲੋਕ ਗੀਤ ਅਤੇ ਨਾਚ ਪੇਸ਼ਕਾਰੀਆਂ ਨੇ ਮਹੌਲ ਨੂੰ ਰੰਗੀਨ ਅਤੇ ਉਤਸ਼ਾਹਪੂਰਨ ਬਣਾਇਆ। ਅਖੀਰ ਚ ਸਾਰਿਆਂ ਨੂੰ ਪ੍ਰਸਾਦ ਵੰਡਿਆ ਗਿਆ।

ਸੰਸਥਾ ਦੇ ਆਯੋਜਕਾਂ ਨੇ ਸਾਰਿਆਂ ਦਾ ਧੰਨਵਾਦ ਕਰਦੇ ਹਾਂ ਕਿਹਾ ਕਿਹਾ ਕਿ ਇਸ ਤਰ੍ਹਾਂ ਦੇ ਸਮਾਗਮ ਭਾਈਚਾਰੇ ਦੀ ਪਛਾਣ ਨੂੰ ਬਰਕਰਾਰ ਰੱਖਣ ਅਤੇ ਆਪਸੀ ਨਾਤੇ ਮਜ਼ਬੂਤ ਕਰਨ ਵਿੱਚ ਅਹਿਮ ਭੂਮਿਕਾ ਨਿਭਾਉਂਦੇ ਹਨ ਅਤੇ ਨਵੀਂ ਪੀੜ੍ਹੀ ਨੂੰ ਆਪਣੀ ਵਿਰਾਸਤ ਨਾਲ ਜੋੜਨ ਲਈ ਉਤਸ਼ਾਹਿਤ ਕਰਦੇ ਹਨ।



**ਬ੍ਰੈਂਪਟਨ ਦੇ ਟ੍ਰਿਵੇਣੀ ਮੰਦਰ ਵਿੱਚ ਆਯੋਜਿਤ ਗੰਗੌਰ ਸਮਾਗਮ ਦੌਰਾਨ ਰਾਜਸਥਾਨੀ ਭਾਈਚਾਰੇ ਵੱਲੋਂ ਆਯੋਜਿਤ ਸਮਾਗਮ ਦੀਆਂ ਵੱਖ ਵੱਖ ਤਸਵੀਰਾਂ।**

# ਤਰੱਕੀ ਲਈ ਰੀੜ੍ਹ ਦੀ ਹੱਡੀ, ਲੇਬਰ ਦੀ ਘਾਟ ਦੇ ਗੰਭੀਰ ਨਤੀਜੇ ਭੁਗਤ ਰਿਹੈ ਦੇਸ?

ਕਿਸੇ ਵੀ ਦੇਸ਼ ਜਾਂ ਸੂਬੇ ਦੀ ਤਰੱਕੀ ਸਿਰਫ਼ ਵੱਡੀਆਂ ਨੀਤੀਆਂ ਬਣਾਉਣ ਨਾਲ ਨਹੀਂ ਹੁੰਦੀ , ਸਗੋਂ ਉਹਨਾਂ ਨੀਤੀਆਂ ਨੂੰ ਜ਼ਮੀਨ ਤੇ ਲਾਗੂ ਕਰਨ ਵਾਲੀ ਲੇਬਰ ਨਾਲ ਹੁੰਦੀ ਹੈ । ਸਰਕਾਰੀ ਦਫ਼ਤਰਾਂ ਵਿੱਚ ਇਹ ਭੂਮਿਕਾ ਮੁੱਖ ਤੌਰ ਤੇ ਕਲਾਸ-ਤਿੰਨ ਅਤੇ ਕਲਾਸ-ਚਾਰ ਦੇ ਕਰਮਚਾਰੀ ਨਿਭਾਉਂਦੇ ਹਨ । ਪਰ ਦੁੱਖ ਦੀ ਗੱਲ ਇਹ ਹੈ ਕਿ ਸਾਡਾ ਦੇਸ਼ ਅਤੇ ਸੂਬੇ ਵਿੱਚ ਇਹੀ ਲੇਬਰ ਦੀ ਸਭ ਤੋਂ ਵੱਧ ਘਾਟ ਹੈ। ਅੱਜ ਕੱਲ੍ਹ ਜੇ ਕਿਸੇ ਵੀ ਸਰਕਾਰੀ ਦਫ਼ਤਰ ਦਾ ਹਾਲ ਵੇਖਿਆ ਜਾਵੇ ਤਾਂ ਉੱਥੇ ਅਧਿਕਾਰੀਆਂ ਦੀ ਕੋਈ ਘਾਟ ਨਹੀਂ ਦਿਸਦੀ । ਕਲਾਸ-ਇੱਕ ਅਤੇ ਕਲਾਸ-ਦੋ ਦੇ ਅਫ਼ਸਰ ਵੱਡੀ ਗਿਣਤੀ ਵਿੱਚ ਮੌਜੂਦ ਹਨ ਪਰ ਜਿਹੜੇ ਕਰਮਚਾਰੀ ਅਸਲ ਵਿੱਚ ਫਾਈਲਾਂ ਨੂੰ ਹਿਲਾਉਂਦੇ ਹਨ , ਰਿਕਾਰਡ ਸੰਭਾਲਦੇ ਹਨ ਅਤੇ ਜਨਤਾ ਨਾਲ ਸਿੱਧਾ ਸੰਪਰਕ ਕਰਦੇ ਹਨ ਉਹਨਾਂ ਦੀ ਕਮੀ ਸਾਫ਼ ਦਿਖਾਈ ਦਿੰਦੀ ਹੈ । ਕਲਰਕਾਂ ਅਤੇ ਚਪੜਾਸੀਆਂ ਦੀ ਘਾਟ ਕਾਰਨ ਦਫ਼ਤਰਾਂ ਦਾ ਕੰਮ ਲਟਕਦਾ ਹੈ ਅਤੇ ਆਮ ਲੋਕਾਂ ਨੂੰ ਬੇ-ਹਿਸਾਬ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ । ਇਸ ਸਥਿਤੀ ਦੇ ਕਈ ਕਾਰਨ ਹਨ । ਸਭ ਤੋਂ ਵੱਡਾ ਕਾਰਨ ਇਹ ਹੈ ਕਿ ਕਈ ਸਾਲਾਂ ਤੋਂ ਨੀਚਲੇ ਦਰਜੇ ਦੀਆਂ ਭਰਤੀਆਂ ਨਹੀਂ ਹੋ ਰਹੀਆਂ । ਜਿਹੜੀਆਂ ਅਸਾਮੀਆਂ ਖਾਲੀ ਹੋ ਜਾਂਦੀਆਂ ਹਨ , ਉਹਨਾਂ ਨੂੰ ਭਰਨ ਦੀ ਬਜਾਏ ਸਰਕਾਰਾਂ ਉਹਨਾਂ ਨੂੰ ਖਾਲੀ ਹੀ ਛੱਡ ਦਿੰਦੀਆਂ ਹਨ । ਇਸਦੇ ਨਾਲ ਨਾਲ ਠੇਕੇਦਾਰੀ ਪ੍ਰਣਾਲੀ ਨੂੰ ਵਧਾਇਆ ਗਿਆ ਹੈ ਜਿਸ ਨਾਲ ਪੱਕੀ ਨੌਕਰੀ ਦੀ ਥਾਂ ਅਸਥਾਈ ਕਰਮਚਾਰੀਆਂ ਤੇ ਨਿਰਭਰਤਾ ਵਧ ਗਈ ਹੈ । ਇਹ ਕਰਮਚਾਰੀ ਨਾ ਤਾਂ ਪੂਰੀ ਤਰ੍ਹਾਂ ਜ਼ਿੰਮੇਵਾਰੀ ਲੈ ਸਕਦੇ ਹਨ ਅਤੇ ਨਾ ਹੀ ਉਹਨਾਂ ਨੂੰ ਲੰਬੇ ਸਮੇਂ ਦੀ ਸੁਰੱਖਿਆ ਮਿਲਦੀ ਹੈ । ਇਸ ਘਾਟ ਦਾ ਸਿੱਧਾ ਅਸਰ ਪ੍ਰਸ਼ਾਸਨ ਦੀ ਕਾਰਗੁਜ਼ਾਰੀ ਤੇ ਪੈਂਦਾ ਹੈ । ਇੱਕ ਕਲਰਕ ਨੂੰ ਕਈ ਕਈ ਅਧਿਕਾਰੀਆਂ ਦਾ ਕੰਮ ਸੰਭਾਲਣਾ ਪੈਂਦਾ ਹੈ, ਜਿਸ ਨਾਲ ਉਹ ਨਾ ਤਾਂ ਸਮੇਂ ਸਿਰ ਕੰਮ ਕਰ ਸਕਦਾ ਹੈ ਅਤੇ ਨਾ ਹੀ ਠੀਕ ਤਰੀਕੇ ਨਾਲ। ਨਤੀਜੇ ਵਜੋਂ ਫਾਈਲਾਂ ਦਫ਼ਤਰਾਂ ਵਿੱਚ ਹੀ ਰੁਕੀਆਂ ਰਹਿੰਦੀਆਂ ਹਨ ਅਤੇ ਲੋਕਾਂ ਨੂੰ ਛੋਟੇ ਛੋਟੇ ਕੰਮਾਂ ਲਈ ਵੀ ਚੱਕਰ ਕੱਟਣੇ ਪੈਂਦੇ ਹਨ । ਇਹ ਹਾਲਾਤ ਲੋਕਾਂ ਵਿੱਚ ਨਾਰਾਜ਼ਗੀ ਪੈਦਾ ਕਰਦੇ ਹਨ ਅਤੇ ਸਰਕਾਰ ਦੀ ਛਵੀ ਨੂੰ ਨੁਕਸਾਨ ਪਹੁੰਚਾਉਂਦੇ ਹਨ। ਇਸ ਸਮੱਸਿਆ ਦਾ ਹੱਲ ਲੱਭਣਾ ਬਹੁਤ ਜ਼ਰੂਰੀ ਹੈ । ਸਭ ਤੋਂ ਪਹਿਲਾਂ, ਸਰਕਾਰ ਨੂੰ ਕਲਾਸ-ਤਿੰਨ ਅਤੇ ਕਲਾਸ-ਚਾਰ ਦੀਆਂ ਖਾਲੀ ਅਸਾਮੀਆਂ ਨੂੰ ਤੁਰੰਤ ਭਰਨਾ ਚਾਹੀਦਾ ਹੈ । ਦੂਜਾ, ਠੇਕੇਦਾਰੀ ਪ੍ਰਣਾਲੀ ਦੀ ਬਜਾਏ ਪੱਕੀ ਭਰਤੀ ਨੂੰ ਤਰਜੀਹ ਦੇਣੀ ਚਾਹੀਦੀ ਹੈ ਤਾਂ ਜੋ ਕਰਮਚਾਰੀ ਆਪਣੇ ਕੰਮ ਪ੍ਰਤੀ ਜ਼ਿੰਮੇਵਾਰ ਅਤੇ ਸਮਰਪਿਤ ਰਹਿਣ । ਤੀਜਾ, ਮਨੁੱਖੀ ਸਰੋਤਾਂ ਦੀ ਯੋਜਨਾ ਬਣਾਉਂਦੇ ਸਮੇਂ ਜ਼ਮੀਨੀ ਹਕੀਕਤ ਨੂੰ ਧਿਆਨ ਵਿੱਚ ਰੱਖਣਾ ਲਾਜ਼ਮੀ ਹੈ । ਇਹਦੇ ਨਾਲ ਬੇਰੁਜਗਾਰੀ ਨੂੰ ਠੱਲ ਪਵੇਗੀ । ਅਖੀਰ ਵਿੱਚ, ਇਹ ਕਹਿਣਾ ਗਲਤ ਨਹੀਂ ਹੋਵੇਗਾ ਕਿ ਜੇਕਰ ਕਿਸੇ ਵੀ ਪ੍ਰਣਾਲੀ ਦੀ ਨੀਂਹ ਕਮਜ਼ੋਰ ਹੋਵੇਗੀ, ਤਾਂ ਉਹ ਕਦੇ ਵੀ ਮਜ਼ਬੂਤ ਨਹੀਂ ਬਣ ਸਕਦੀ। ਕਲਾਸ-ਤਿੰਨ ਅਤੇ ਚਾਰ ਦੇ ਕਰਮਚਾਰੀ ਇਸ ਪ੍ਰਣਾਲੀ ਦੀ ਨੀਂਹ ਹਨ। ਜੇ ਇਹ ਨੀਂਹ ਹੀ ਕਮਜ਼ੋਰ ਰਹੇਗੀ, ਤਾਂ ਉੱਚ ਅਧਿਕਾਰੀਆਂ ਦੀ ਵੱਡੀ ਗਿਣਤੀ ਵੀ ਕਿਸੇ ਕੰਮ ਦੀ ਨਹੀਂ ਰਹੇਗੀ। ਇਸ ਲਈ ਲੋੜ ਹੈ ਕਿ ਸਰਕਾਰਾਂ ਸਿਰਫ਼ ਹੁਕਮ ਦੇਣ ਵਾਲਿਆਂ ਤੇ ਨਹੀਂ, ਸਗੋਂ ਕੰਮ ਕਰਨ ਵਾਲਿਆਂ ਤੇ ਵੀ ਬਰਾਬਰ ਧਿਆਨ ਦੇਣ। ਤਾਂਹੀ ਅਸਲ ਤਰੱਕੀ ਸੰਭਵ ਹੋ ਸਕਦੀ ਹੈ।



**ਪੱਤਰਕਾਰ ਬਲਦੇਵ ਸਿੰਘ ਜਨੂਹਾ, 9814824215**

# ਪੰਜਾਬ ਵਿੱਚ ਐੱਫ.ਆਈ.ਅਰ ਡਾਊਨਲੋਡ ਫੀਸ ਨੂੰ ਲੈਕੇ ਹਾਈ ਕੋਰਟ ਵਿੱਚ , ਲੋਕਾਂ ਦੇ ਹੱਕੀ ਮੁੱਦਾ ਗਰਮਾਇਆ

**ਚੰਡੀਗੜ੍ਹ, 25 ਮਾਰਚ ( ਬਲਦੇਵ ਸਿੰਘ ਜਨੂਹਾ )**:- ਪੰਜਾਬ ਵਿੱਚ ਪੁਲਿਸ ਵੱਲੋਂ ਐੱਫ.ਆਈ.ਆਰ ਡਾਊਨਲੋਡ ਕਰਨ ਲਈ ਲੱਗ ਰਹੀ ਫੀਸ ਨੂੰ ਲੈ ਕੇ ਇੱਕ ਮਹੱਤਵਪੂਰਨ ਲੋਕ ਹਿੱਤ ਪਟੀਸ਼ਨ ਮਾਨਯੋਗ ਸੁਪਰੀਮ ਕੋਰਟ ਆਫ ਇੰਡੀਆ ਦਿੱਲੀ ਤੇ ਮਾਣਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਚੰਡੀਗੜ੍ਹ ਤੋਂ ਉੱਘੇ ਐਡਵੋਕੇਟ ਹਾਕਮ ਸਿੰਘ ਦੀ ਟੀਮ ਵੱਲੋਂ ਦਾਇਰ ਕੀਤੀ ਗਈ ਹੈ । ਜਿਸ ਨਾਲ ਇਹ ਮਾਮਲਾ ਹੁਣ ਕਾਨੂੰਨੀ ਅਤੇ ਜਨਤਕ ਚਰਚਾ ਦਾ ਕੇਂਦਰ ਬਣ ਗਿਆ ਹੈ। ਪਟੀਸ਼ਨ ਵਿੱਚ ਦਲੀਲ ਦਿੱਤੀ ਗਈ ਹੈ ਕਿ ਪੰਜਾਬ ਪੁਲਿਸ ਪੋਰਟਲ ਰਾਹੀਂ ਐੱਫ.ਆਈ.ਆਰ ਦੀ ਕਾਪੀ ਡਾਊਨਲੋਡ ਕਰਨ ਲਈ ਲਗਾਈ ਗਈ ₹80 ਫੀਸ ਗੈਰਕਾਨੂੰਨੀ ਅਤੇ ਬਿਨਾਂ ਕਿਸੇ ਕਾਨੂੰਨੀ ਆਧਾਰ ਦੇ ਹੈ ।

ਐਡਵੋਕੇਟ ਹਾਕਮ ਸਿੰਘ ਦੀ ਟੀਮ ਵੱਲੋਂ ਅਦਾਲਤ ਨੂੰ ਦੱਸਿਆ ਗਿਆ ਹੈ ਕਿ ਐੱਫ.ਆਈ.ਆਰ ਇੱਕ ਅਜਿਹਾ ਮੁੱਢਲਾ ਦਸਤਾਵੇਜ਼ ਹੈ



ਜੋ ਅਪਰਾਧਿਕ ਨਿਆਂ ਪ੍ਰਣਾਲੀ ਨੂੰ ਚਲਾਉਣ ਲਈ ਬਹੁਤ ਜ਼ਰੂਰੀ ਹੁੰਦਾ ਹੈ । ਇਹ ਦਸਤਾਵੇਜ਼ ਪੀੜਤਾਂ, ਦੋਸ਼ੀਆਂ, ਵਕੀਲਾਂ ਅਤੇ ਆਮ ਲੋਕਾਂ ਲਈ ਬਹੁਤ ਮਹੱਤਵਪੂਰਨ ਹੈ । ਇਸ ਲਈ ਇਸ ’ਤੇ ਫੀਸ ਲਗਾਉਣਾ ਲੋਕਾਂ ਦੀ ਨਿਆਂ ਤੱਕ ਪਹੁੰਚ ਨੂੰ ਰੋਕਦਾ ਹੈ ।

ਪਟੀਸ਼ਨ ਵਿੱਚ ਇਹ ਵੀ ਦਰਸਾਇਆ ਗਿਆ ਹੈ ਕਿ ਸੁਪਰੀਮ ਕੋਰਟ ਪਹਿਲਾਂ ਹੀ ਆਪਣੇ ਇੱਕ ਫੈਸਲੇ ਵਿੱਚ ਕਹਿ ਚੁੱਕੀ ਹੈ ਕਿ ਐੱਫ.ਆਈ.ਆਰ ਲੋਕਾਂ ਲਈ ਆਨਲਾਈਨ ਉਪਲਬਧ ਹੋਣੀ ਚਾਹੀਦੀ ਹੈ ਅਤੇ ਇਸ ਤੱਕ ਪਹੁੰਚ ਆਸਾਨ ਹੋਣੀ ਚਾਹੀਦੀ ਹੈ । ਇਸਦੇ ਬਾਵਜੂਦ ਪੰਜਾਬ ਪੁਲਿਸ ਵੱਲੋਂ ਫੀਸ ਲਗਾਉਣਾ ਕਾਨੂੰਨੀ ਪ੍ਰਾਵਧਾਨਾਂ ਦੇ ਖਿਲਾਫ ਦੱਸਿਆ ਗਿਆ ਹੈ । ਪਟੀਸ਼ਨਰਾਂ ਨੇ ਇਹ ਵੀ ਦਲੀਲ ਦਿੱਤੀ ਹੈ ਕਿ ਇਹ ਫੀਸ ਖਾਸ ਕਰਕੇ ਗਰੀਬ ਅਤੇ ਪਿੰਡਾਂ ਦੇ ਲੋਕਾਂ ਲਈ ਵੱਡੀ ਰੁਕਾਵਟ ਬਣਦੀ ਹੈ ਜੋ ਪਹਿਲਾਂ ਹੀ ਨਿਆਂ ਲਈ ਸੰਘਰਸ਼ ਕਰ ਰਹੇ ਹੁੰਦੇ ਹਨ ਆਰਥਿਕ ਤੰਗੀ ਦੇ ਸ਼ਿਕਾਰ ਹਨ । ਇਸ ਨਾਲ ਜਮਾਨਤ ਅਗਾਊਂ ਜਮਾਨਤ ਅਤੇ ਹੋਰ ਕਾਨੂੰਨੀ ਕਾਰਵਾਈਆਂ ਵਿੱਚ ਵੀ ਦੇਰੀ ਹੋ ਸਕਦੀ ਹੈ । ਅਦਾਲਤ ਤੋਂ ਮੰਗ ਕੀਤੀ ਗਈ ਹੈ ਕਿ ਇਸ ਫੀਸ ਨੂੰ ਗੈਰਕਾਨੂੰਨੀ ਕਰਾਰ ਦਿੱਤਾ ਜਾਵੇ ਅਤੇ ਐੱਫ.ਆਈ.ਆਰ ਦੀ ਕਾਪੀ ਸਾਰੇ ਲੋਕਾਂ ਲਈ ਪਹਿਲਾਂ ਦੀ ਤਰਾਂ ਮੁਫ਼ਤ ਉਪਲਬਧ ਕਰਵਾਈ ਜਾਵੇ ਨਾਲ ਹੀ ਸਰਕਾਰ ਅਤੇ ਪੁਲਿਸ ਵਿਭਾਗ. ਨੂੰ ਇਸ ਸਬੰਧੀ ਸਪੱਸ਼ਟ ਦਿਸ਼ਾ-ਨਿਰਦੇਸ਼ ਜਾਰੀ ਕਰਨ ਦੀ ਵੀ ਅਪੀਲ ਕੀਤੀ ਗਈ ਹੈ । ਇਸ ਮਾਮਲੇ ਨੂੰ ਲੈ ਕੇ ਹੁਣ ਨਜ਼ਰ ਅਦਾਲਤ ਦੇ ਅਗਲੇ ਫੈਸਲੇ ’ਤੇ ਟਿਕੀ ਹੋਈ ਹੈ ਕਿਉਂਕਿ ਇਸਦਾ ਪ੍ਰਭਾਵ ਸੂਬੇ ਦੇ ਲੱਖਾਂ ਲੋਕਾਂ ’ਤੇ ਪੈ ਸਕਦਾ ਹੈ।

# ਆਵਾਜਾਈ ਲਈ ਸੰਗਰੂਰ "ਚ ਨਹੀਂ ਲਾਗੂ ਹੁੰਦੇ ਸੁਪਰੀਮ ਕੋਰਟ ਅਤੇ ਹਾਈ ਕੋਰਟ ਦੇ ਆਦੇਸ਼







**ਸੰਗਰੂਰ,25 ਮਾਰਚ ( ਬਲਦੇਵ ਸਿੰਘ ਜਨੂਹਾ )**:- ਸੰਗਰੂਰ ਸ਼ਹਿਰ ਜੋ ਕਦੇ 65 ਫੁੱਟ ਚੌੜੀਆਂ ਬਜਾਰੂ ਸੜਕਾਂ ਵਾਲ਼ਾ ਜਾਣਿਆ ਜਾਂਦਾ ਸੀ ਅੱਜ ਆਪਣੇ ਹੀ ਵਸਨੀਕਾਂ ਦੀ ਮਾੜੀ ਸੋਚ ਅਤੇ ਸਿਆਸੀ ਬੇਪਰਵਾਹੀ ਦਾ ਸ਼ਿਕਾਰ ਬਣ ਚੁੱਕਾ ਹੈ । ਜਿਹੜੀਆਂ 65 ਫੁੱਟ ਚੌੜੀਆਂ ਸੜਕਾਂ ਕਦੇ ਆਵਾਜਾਈ ਦੀ ਸੁਵਿਧਾ ਅਤੇ ਵਪਾਰਕ ਚਲਣ-ਫਿਰਣ ਦੀਆਂ ਰਗਾਂ ਹੁੰਦੀਆਂ ਸਨ ਉਹ ਅੱਜ 12-13 ਫੁੱਟ ਤੱਕ ਸਿਮਟ ਕੇ ਰਹਿ ਗਈਆਂ ਹਨ । ਇਹ ਕੋਈ ਕੁਦਰਤੀ ਘਟਨਾ ਨਹੀਂ ਸਗੋਂ ਮਨੁੱਖੀ ਲਾਲਚ, ਬੇਤਰਤੀਬੀ ਅਤੇ ਕਾਨੂੰਨ ਦੀ ਖੁੱਲ੍ਹੀ ਉਲੰਘਣਾ ਦਾ ਨਤੀਜਾ ਹੈ ।

ਦੁਕਾਨਦਾਰਾਂ ਵੱਲੋਂ ਆਪਣੇ ਕਾਰੋਬਾਰ ਨੂੰ ਵਧਾਉਣ ਦੇ ਨਾਂ ‘ਤੇ ਸੜਕਾਂ ‘ਤੇ ਕੀਤੀਆਂ ਗੈਰਕਾਨੂੰਨੀ ਕਬਜ਼ੇਬੰਦੀਆਂ ਨੇ ਜਨਤਕ ਥਾਵਾਂ ਨੂੰ ਨਿੱਜੀ ਜਾਇਦਾਦ ਬਣਾਕੇ ਰੱਖ ਦਿੱਤਾ ਹੈ । ਫੁੱਟਪਾਥ ਸਨ ਉਹ ਵੀ ਸਮਾਨ ਨਾਲ ਭਰੇ ਪਏ ਹਨ । ਇਸ ਸਭ ਦੇ ਬਾਵਜੂਦ ਸਥਾਨਕ ਪ੍ਰਸ਼ਾਸਨ ਅਤੇ ਸਿਆਸਤਦਾਨਾਂ ਦੀ ਚੁੱਪੀ ਇੱਕ ਵੱਡਾ ਸਵਾਲ ਖੜਾ ਕਰਦੀ ਹੈ । ਕੀ ਇਹ ਚੁੱਪੀ ਸਿਰਫ ਅਸਮਰੱਥਾ ਹੈ ਜਾਂ ਫਿਰ ਜਾਣ-ਬੁੱਝ ਕੇ ਅੱਖਾਂ ਮੂੰਦ ਲਈਆਂ ਗਈਆਂ ਹਨ ?

ਮਾਣਯੋਗ ਸੁਪਰੀਮ ਕੋਰਟ ਆਫ ਇੰਡੀਆ ਦਿੱਲੀ ਅਤੇ ਪੰਜ਼ਾਬ ਅਤੇ ਹਰਿਆਣਾ ਹਾਈਕੋਰਟ ਚੰਡੀਗੜ੍ਹ ਵੱਲੋਂ ਸਪਸ਼ਟ ਆਦੇਸ਼ ਹਨ ਕਿ ਨਜਾਇਜ਼ ਉਸਾਰੀਆਂ ਨੂੰ ਤੁਰੰਤ ਹਟਾਇਆ ਜਾਵੇ ਅਤੇ ਜਨਤਕ ਸੜਕਾਂ ਨੂੰ ਆਜ਼ਾਦ ਕੀਤਾ ਜਾਵੇ ਜਦਕਿ ਸੰਗਰੂਰ ਵਿੱਚ ਇਹ ਹੁਕਮ ਕਾਗਜ਼ਾਂ ਤੱਕ ਹੀ ਸੀਮਿਤ ਰਹਿ ਗਏ ਹਨ । ਅਮਲ ਕਰਨ ਵਾਲੀਆਂ ਏਜੰਸੀਆਂ ਜਾਂ ਤਾਂ ਦਬਾਅ ਹੇਠ ਹਨ ਜਾਂ ਆਪਣੀ ਜ਼ਿੰਮੇਵਾਰੀ ਤੋਂ ਮੂੰਹ ਮੋੜ ਰਹੀਆਂ ਹਨ ।

ਹੋਰ ਹੈਰਾਨੀ ਦੀ ਗੱਲ ਇਹ ਹੈ ਕਿ ਬਜਾਰਾਂ ਵਿੱਚ ਚਾਰ ਪਹੀਆ ਵਾਹਨਾਂ ਦੀ ਐਂਟਰੀ ‘ਤੇ ਰੋਕ ਹੋਣ ਦੇ ਬਾਵਜੂਦ, ਕਾਰਾਂ ਬੇਰੋਕ ਟੋਕ ਅੰਦਰ ਦਾਖਲ ਹੁੰਦੀਆਂ ਹਨ । ਇਸ ਨਾਲ ਨਾ ਸਿਰਫ ਟਰੈਫਿਕ ਜਾਮ ਹੁੰਦਾ ਹੈ, ਸਗੋਂ ਹਾਦਸਿਆਂ ਦਾ ਖ਼ਤਰਾ ਵੀ ਵੱਧਦਾ ਹੈ । ਆਮ ਆਦਮੀ, ਜੋ ਆਪਣੇ ਕੰਮ ਲਈ ਬਜਾਰ ਆਉਂਦਾ ਹੈ, ਉਹ ਇਸ ਗੈਰ-ਵਿਉਂਤਬੰਦੀ ਦਾ ਸਭ ਤੋਂ ਵੱਡਾ ਸ਼ਿਕਾਰ ਬਣਦਾ ਹੈ ।



ਸਵਾਲ ਇਹ ਹੈ ਕਿ ਕੀ ਸੰਗਰੂਰ ਦੇ ਲੋਕ ਇਸ ਹਾਲਤ ਨੂੰ ਆਪਣੀ ਕਿਸਮਤ ਮੰਨ ਕੇ ਚੁੱਪ ਰਹਿਣਗੇ ਜਾਂ ਫਿਰ ਆਪਣੇ ਅਧਿਕਾਰਾਂ ਲਈ ਆਵਾਜ਼ ਉਠਾਉਣਗੇ ? ਜੇ ਕਾਨੂੰਨ ਦੀ ਪਾਲਣਾ ਨਹੀਂ ਹੋਵੇਗੀ, ਤਾਂ ਕਾਨੂੰਨ ਬਣਾਉਣ ਦਾ ਕੀ ਫ਼ਾਇਦਾ ?

ਸਮਾਂ ਆ ਗਿਆ ਹੈ ਕਿ ਪ੍ਰਸ਼ਾਸਨ ਸਖ਼ਤੀ ਨਾਲ ਕਾਰਵਾਈ ਕਰੇ, ਨਜਾਇਜ਼ ਕਬਜ਼ੇ ਹਟਾਏ ਅਤੇ ਸੜਕਾਂ ਨੂੰ ਮੁੜ ਲੋਕਾਂ ਲਈ ਖੁੱਲ੍ਹਾ ਕਰੇ । ਨਹੀਂ ਤਾਂ ਉਹ ਦਿਨ ਦੂਰ ਨਹੀਂ ਜਦੋਂ ਸੰਗਰੂਰ ਦੀਆਂ ਸੜਕਾਂ ਸਿਰਫ਼ ਨਕਸ਼ਿਆਂ ਵਿੱਚ ਹੀ ਚੌੜੀਆਂ ਰਹਿ ਜਾਣਗੀਆਂ ਅਤੇ ਹਕੀਕਤ ਵਿੱਚ ਸਿਰਫ਼ ਇਕ ਤੰਗ ਗਲੀ ਬਣ ਕੇ ਰਹਿ ਜਾਣਗੀਆਂ। ਸਭ ਤੋਂ ਜ਼ਰੂਰੀ ਗੱਲ ਦੋ ਕੁ ਸਾਲ ਪਹਿਲਾਂ ਬਸ ਅੱਡੇ ਤੋਂ ਪਟਿਆਲਾ ਗੇਟ ਤੱਕ ਚਾਰ ਪਈਆ ਗੱਡੀਆਂ ਦਾ ਆਉਣ ਜਾਣ ਰੋਕਣ ਲਈ ਗਾਡਰ ਖੜੇ ਕੀਤੇ ਹੋਏ ਸਨ ਉਹ ਹੁਣ ਹਟਾ ਦਿੱਤੇ ਹਨ ਇਸੇ ਤੂਰਹਾਂ ਸੁਨਾਮੀ ਗੇਟ ਤੋਂ ਲੈ ਕੇ ਬੜਾ ਚੌਂਕ ਤੱਕ ਗਾਡਰਾਂ ਦੀ ਰੋਕ ਲੱਗੀ ਹੋਈ ਸੀ। ਗਾਡਰਾਂ ਦੇ ਨਾਲ ਮਾਨਯੋਗ ਕੋਰਟ ਦੇ ਹੁਕਮਾਂ ਦੇ ਬੋਰਡ ਵੀ ਲੱਗੇ ਹੋਏ ਸਨ ਗਾਰਡ ਤਾਂ ਹਟਾਉਣੇ ਹੀ ਸਨ ਬੋਰਡ ਵੀ ਹਟਾ ਦਿੱਤੇ ਕਿ ਲੋਕਾਂ ਨੂੰ ਕਾਨੂੰਨਾਂ ਦਾ ਪਤਾ ਹੀ ਨਾ ਲੱਗੇ ਚਾਰ ਪਹਈਆ ਗੱਡੀਆਂ ਨਾਲ ਛੋਟਾ ਸੰਗਰੂਰ ਸ਼ਹਿਰ ਭਰਿਆ ਰਹਿੰਦਾ ਹੈ ਤੁਰ ਕੇ ਜਾਣਾ ਹਰ ਇੱਕ ਬੰਦੇ ਲਈ ਬਹੁਤ ਮੁਸ਼ਕਿਲ ਹੈ ਸੰਗਰੂਰ ਸ਼ਹਿਰ ਵਿੱਚ ਕਾਨੂੰਨ ਨਾਮ ਦੀ ਕੋਈ ਚੀਜ਼ ਨਹੀਂ ਬਸ ਅੱਡੇ ਕੋਲ ਬੜੇ ਚੌਂਕ ਕੋਲ ਤੇ ਸੁਨਾਮੀ ਗੇਟ ਪੁਲਿਸ ਰੋਕਣ ਲਈ ਫਾਟਕ ਜੇ ਜਰੂਰ ਬਣਾ ਕੇ ਰੱਖੇ ਹੋਏ ਹਨ ਉਹਨਾਂ ਤੋਂ ਕੰਮ ਲੈਂਦਾ ਕਦੇ ਕੋਈ ਨਹੀਂ ਵੇਖਿਆ।



# ਪੰਜਾਬ ਸਟੇਟ ਕਰਮਚਾਰੀ ਦਲ ਵੱਲੋਂ ਵਿਸ਼ਾਲ ਰੈਲੀ



**ਪਟਿਆਲਾ 25 ਜਨਵਰੀ (ਰਮੇਸ਼ਵਰ ਸਿੰਘ):-** ਪੰਜਾਬ ਸਟੇਟ ਕਰਮਚਾਰੀ ਦਲ ਵੱਲੋਂ ਇਕ ਵਿਸ਼ਾਲ ਰੈਲੀ ਮੁਲਾਜਮਾਂ ਦੀਆਂ ਮੰਗਾਂ ਨੂੰ ਲੈ ਕੇ ਡਿਪਟੀ ਕਮਿਸ਼ਨਰ ਪਟਿਆਲਾ ਦੇ ਦਫਤਰ ਅੱਗੇ ਕੀਤੀ ਗਈ ਮੁਲਾਜਮਾਂ ਦੇ ਵਿਸ਼ਾਲ ਇੱਕਠ ਨੂੰ ਸਬੋਧਨ ਕਰਦਿਆ ਦੱਲ ਦੇ ਸੂਬਾਈ ਪ੍ਰਧਾਨ ਸ. ਹਰੀ ਸਿੰਘ ਟੌਹੜਾ ਨੇ ਦੱਸਿਆ ਕਿ ਮੁਲਾਜਮ ਵਰਗ ਵਿਚ ਇਸ ਕਰਕੇ ਬਹੁਤ ਰੋਸ ਹੈ ਪੰਜਾਬ ਸਰਕਾਰ ਨੇ ਜੋ ਬਜਟ ਵਿਧਾਨ ਸਭਾ ਵਿਚ ਪੇਸ਼ ਕੀਤਾ ਗਿਆ ਹੈ ਉਸ ਬਜਟ ਵਿਚ ਮੁਲਾਜਮਾਂ ਲਈ ਕੋਈ ਬਜਟ ਨਹੀ ਰਖਿਆ ਗਿਆ ਨਾ ਹੀ ਮੁਲਾਜਮਾਂ ਦੀ ਕੋਈ ਗੱਲ ਕੀਤੀ ਹੈ। ਸ. ਟੋਹੜਾ ਨੇ ਦਸਿਆ ਕਿ ਜਿਥੇ ਪੰਜਾਬ ਸਰਕਾਰ ਮੁਲਾਜਮਾਂ ਲਈ ਕੋਈ ਰਾਹਤ ਨਹੀ ਦੇ ਰਹੀ ਉਸੇ ਤਰ੍ਹਾ ਜੇਕਰ ਸਰਕਾਰ ਵੀ ਨਵੇ ਨਵੇ ਕਾਨੂੰਨ ਮਜਦੂਰ ਮਾਰੂ ਬਣ ਰਹੀ ਹੈ ਨਵਾ ਬਿਲ ਜੋ ਹੁਣ ਜੀ ਰਾਮ ਜੀ ਬਣਿਆ ਹੈ ਉਸ ਨਾਲ ਸੂਬਾ ਸਰਕਾਰ ਨੂੰ ਹੁਣ 100 ਰੁਪਏ ਪਿਛੇ 40 ਰੁਪਏ ਪਾਉਣ ਪੈਣਗੇ ਪਹਿਲਾ 10 ਰੁਪਏ ਪਾਏ ਜਾਦੇ ਸਨ ਕੇਂਦਰ ਸਰਕਾਰ ਜੋ ਲੇਬਰ ਚਾਰ ਬਿਲ ਐਪ੍ਰਲ ਵਿਚ ਲਾਗੂ ਕਰ ਰਹੀ ਹੈ ਉਹ ਵਾਪਸ ਨਵੇ ਅਤੇ ਬਿਜਲੀ ਸੋਧ ਬਿਲ ਆਦਿ ਤਾਂ ਜੋ ਮਜਦੂਰਾਂ ਤੇ ਆਮ ਲੋਕਾਂ ਦਾ ਨੁਕਸਾਨ ਨਾ ਹੋਵੇ। ਸੂਬਾ ਸਰਕਾਰ ਅਜੇ ਤਕ ਕੇਂਦਰ ਪੈਨਸ਼ਨ ਤੇ ਡੀ. ਏ ਰਲੀਜ ਨਹੀ ਕਰ ਰਹੀ ਜਦ ਕਿ ਨਾਲ ਦੇ ਗੁਆਢੀ ਰਾਜ ਕੇਂਦਰ ਪੈਨਸ਼ਨ ਤੇ ਡੀ. ਏ ਦੇ ਵੀ ਰਹੇ ਹਨ ਮਾਨਯੋਗ ਹਾਈਕੋਰਟ ਨੇ ਵੀ ਫੈਸਲਾ ਕਰ ਦਿਤਾ ਕਿ ਡੀ. ਏ ਕੇਂਦਰ ਪੈਟਰਨ ਤੇ ਦਿਤਾ ਜਾਵੇ ਤੇ ਵਿਆਜ ਵੀ 6% ਦਿਤਾ ਜਾਵੇ ਪ੍ਰੰਤੂ ਫਿਰ ਵੀ ਟਸ ਤੋ ਮਸਾ ਨਹੀ ਹੋ ਰਹੀ ਪੁਰਾਣੀ ਪੈਨਸ਼ਨ ਅਜੇ ਤਕ ਬਹਾਲ ਨਹੀ ਕੀਤੀ ਗਈ ਦਿਹਾੜੀਦਾਰ ਆਊਟਸੋਰਸਿੰਗ ਵਾਲੇ ਕਰਮਚਾਰੀ ਰੈਗੂਲਰ ਨਹੀ ਕੀਤੇ ਜਾ ਰਹੇ ਸਰਕਾਰ ਨੇ ਵਿਭਾਗ ਵਾਈਜ ਹਜਾਰਾ ਅਸਾਮੀਆਂ ਖਤਮ ਕਰ ਦਿੱਤੀਆਂ ਹਨ ਪੁਨਰਗਠਨ ਦਾ ਬਹਾਨਾ ਬਣਾ ਕੇ ਸਰਕਾਰ ਉਨ੍ਹਾਂ ਪੋਸਟਾਂ ਨੂੰ ਮੁੜ ਬਹਾਲ ਕਰੇ ਸਾਲ 2016 ਤੋ ਪਹਿਲਾਂ ਰਿਟਾਇਰ ਹੋਏ ਕਰਮਚਾਰੀਆਂ ਨੂੰ 2.45 ਨਾਲ ਪੈਨਸ਼ਨ ਦਿਤੀ ਜਾ ਰਹੀ ਹੈ ਸਾਲ 2016 ਤੋ ਬਾਅਦ ਰਟਾਇਰ ਹੋਏ ਕਰਮਚਾਰੀਆਂ ਨੂੰ 2.59 ਸਰਕਾਰ ਇਹ ਵਿਤਕਾਰ ਦੂਰ ਕਰੇ ਪੰਜਾਬ ਦੇ ਮੁਲਾਜਮਾਂ ਤੋ ਡਿਵੈਲਮੈਂਟ ਦੇ ਨਾਮ ਤੇ 200 ਰੁਪਏ ਪ੍ਰਤੀ ਮਹੀਨਾ ਕੱਟੇ ਜਾਦੇ ਹਨ ਇਹ ਕਟੋਤੀ ਸਰਕਾਰ ਬੰਦ ਕਰੇ ਘੱਟੋ ਘੱਟ ਉਜਰਤ ਵਿਚ ਚੰਡੀਗੜ ਦੇ ਰੇਟ ਮੁਤਾਬਕ ਵਾਧਾ ਕੀਤਾ ਜਾਵੇ ਤੇ ਮਹਿੰਗਾਈ ਦੇ ਅੰਕੜਿਆਂ ਅਨੁਸਾਰ ਵਾਧਾ ਕੀਤਾ ਜਾਵੇ ਕੱਟੇ ਹੋਏ ਭੱਤੇ ਬਹਾਲ ਕੀਤੇ ਜਾਣ ਆਦਿ ਮੰਗਾਂ ਦੀ ਪੂਰਤੀ ਸਰਕਾਰ ਕਰੇ।

ਇਸ ਮੌਕੇ ਹੋਰਨਾ ਤੋਂ ਇਲਾਵਾ ਗਿਆਨ ਸਿੰਘ ਘਨੋਲੀ, ਰਾਕੇਸ਼ ਬਾਤਿਸ਼ ਸਤਪਾਲ ਸਿੰਘ ਖਾਨਪੁਰ, ਅਵਤਾਰ ਸਿੰਘ. ਕਰਨੈਲ ਸਿੰਘ ਬਾਵਾ ਪੁਡਾ ਗੁਰਬਖਸ਼ ਸਿੰਘ ਰਾਮਾ ਗਰਗ, ਯੁਵਰਾਜ ਸਿੰਘ, ਹਰਵਿੰਦਰ ਸਿੰਘ, ਗੁਰਬਖਸ਼ ਸਿੰਘ, ਸੁਖਵਿੰਦਰ ਸਿੰਘ ਪ੍ਰਧਾਨ ਪੁਲਸ ਐਸੋਸ਼ੇਨ,ਲਛਮਣ ਸਿੰਘ ਪੰਚਾਇਤ ਸਕੱਤਰ,ਅਵਤਾਰ ਸਿੰਘ ਅਮਲੋਹ ਰਜਿੰਦਰ ਬਿਨੀ ਗੁਰਮੀਤ ਮੁਹਮਦ,ਬਹਾਦਰ ਸਿੰਘ ਜੰਗਲਾਤ, ਕਾਕਾ ਰਵਿੰਦਰ ਸਿੰਘ ਸੈਣੀ ਬਲਵਿੰਦਰ ਸਿੰਘ ਨਗਰ ਨਿਗਮ, ਜਰਨੈਲ ਸਿੰਘ ਸਮਾਣਾ, ਜਸਵਿੰਦਰ ਪੰਜਾਬੀ,ਰਾਜੇਸ਼ ਕੁਮਾਰ ਮਨੀ, ਕੋਮਲ ਚੋਹਾਨ, ਮਨਪ੍ਰੀਤ ਜੋਗੀਪੁਰ ਭਜਨ ਸਿੰਘ ਮੰਡੋਲੀ ਆਦਿ ਅਧਿਕਾਰੀ ਸ਼ਾਮਿਲ ਹੋਏ।

**ਰਾਕੇਸ ਬਾਤੀਸ਼ 98766-31167**

# ਮਜਬੂਤ ਇਰਾਦਿਆਂ ਵਾਲੇ ਕਦੇ ਅਸਫ਼ਲ ਨਹੀ ਰਹਿੰਦੇ

ਮਨੁੱਖੀ ਜੀਵਨ ਸਿਰਫ਼ ਇਕ ਸਿੱਧੀ ਸੜਕ 'ਤੇ ਯਾਤਰਾ ਕਰਨਾ ਹੀ ਨਹੀ ਹੈ,ਸਗੋਂ ਇੱਕ ਐਸੇ ਮਹਾਂਸਾਗਰ ਦੀ ਯਾਤਰਾ ਹੈ ਜਿੱਥੇ ਮੌਸਮ ਹਰ ਪਲ ਆਪਣਾ ਰੰਗ ਦਿਖਾਉਦਾ ਹੈ।ਹਵਾ ਦਾ ਰੁੱਖ ਕਦੇ ਤਾਂ ਯਾਤਰਾ ਦੇ ਹੱਕ ਵਿੱਚ ਹੁੰਦਾ ਹੈ ਕਦੇ ਉਸ ਦੇ ਉਲਟ ਹੁੰਦਾ ਹੈ।ਪਾਣੀ ਦਾ ਵਹਾਅ ਕਦੇ ਤੇਜ਼ ਹੁੰਦਾ ਹੈ ਕਦੇ ਬਿਲਕੁਲ ਸ਼ਾਤ ਹੋ ਜਾਂਦਾ ਹੈ।ਅਜਿਹੀ ਸਥਿੱਤੀ ਵਿੱਚ ਕਿਸ਼ਤੀ ਦਾ ਚਲਾਉਣਾ ਕਿਸਮਤ ਜਾਂ ਹਾਲਾਤਾਂ ਤੇ ਨਿਰਭਰ ਨਹੀ ਕਰਦਾ,ਸਗੋਂ ਮਲਾਹ ਦੀ ਚੌਕਸੀ,ਹਿੰਮਤ ਅਤੇ ਹੌਸਲੇ ਤੇ ਨਿਰਭਰ ਕਰਦਾ ਹੈ,ਜੋ ਉਹ ਲਗਾਤਾਰ ਬਣਾਈ ਰੱਖਦਾ ਹੈ,ਅਤੇ ਜੀਵਨਰੂਪੀ ਮਹਾਂਸਾਗਰ ਦੀ ਯਾਤਰਾ ਪੂਰੀ ਕਰ ਲੈਦਾ ਹੈ,ਉਹ ਦ੍ਰਿੜ੍ਹਤਾ ਰੱਖਣ ਨਾਲ ਹੀ ਪੂਰਾ ਹੁੰਦਾ ਹੈ।ਇਹ ਇਕ ਇਹੋ ਜਿਹੀ ਸ਼ਕਤੀ ਹੈ ਜੋ ਮਾੜੇ ਹਾਲਾਤਾਂ ਵਿੱਚੋਂ ਵੀ ਆਦਮੀ ਨੂੰ ਭਟਕਣ ਤੋਂ ਰੋਕਦੀ ਹੈ।ਇਸ ਲਈ ਇਹ ਕਹਿਣਾ ਕੋਈ ਗਲਤ ਨਹੀ ਹੋਵੇਗਾ ਕਿ ਇਹ ਦ੍ਰਿੜਤਾ ਦਾ ਇਕ ਚੱਪੂ ਹੈ,ਜਿਹੜਾ ਕਿ ਸਾਡਾ ਸਾਥ ਦਿੰਦਾ ਹੈ,ਅਤੇ ਸਾਨੂੰ ਆਪਣੀ ਮੰਜ਼ਲ 'ਤੇ ਪਹੁੰਚਾਉਦਾ ਹੈ। ਅੱਜ ਦਾ ਸਮ੍ਹਾਂ ਉਹਨਾ ਹੀ ਤੇਜ਼ ਤਰਾਰ ਹੈ ਜਿੰਨਾਂ ਕਿ ਉਹ ਸਾਡਾ ਧਿਆਨ ਭਟਕਾਉਣ ਵਾਲਾ ਹੈ।ਨਵੀਆਂ ਤਕਨੀਕਾਂ ਦੇ ਚੱਲਦੇ ਹੋਏ ਸਾਨੂੰ ਤਰੱਕੀ ਦੇ ਰਾਹ ਤੇ ਤੁਰਦੇ ਹੋਏ ਬਹੁਤ ਸਾਰੀਆਂ ਨਵੀਆਂ ਸਹੂਲਤਾ ਮਿਲੀਆ ਹਨ, ਉਸ ਦੇ ਨਤੀਜਿਆਂ ਵਜੋਂ ਸਾਡੇ ਤੇ ਕੁਝ ਮਾੜਾ ਪ੍ਰਭਾਵ ਵੀ ਬਹੁਤ ਪਿਆ ਹੁੰਦਾ ਹੈ।ਨਵੀ ਤਕਨੀਕ ਦੇ ਚੱਲਦੇ ਸਾਨੂੰ ਨਵੇ ਮੌਕੇ ਵੀ ਬਹੁਤ ਪ੍ਰਦਾਨ ਹੁੰਦੇ ਹਨ ਪਰ ਇਸ ਨੇ ਸਾਡੀ ਫੈਸਲਾ ਲੈਣ ਦੀ ਸਮਰੱਥਾ ਨੂੰ ਵੀ ਬੜੀ ਬੁਰੀ ਤਰਾਂ ਪ੍ਰਭਾਵਿਤ ਕੀਤਾ ਜਾਂਦਾ ਹੈ।ਇਹੀ ਕਾਰਨ ਹੈ ਕਿ ਸਾਡੇ ਰਸਤੇ ਵਿੱਚ ਛੋਟੀਆਂ ਰੁਕਾਵਟਾਂ ਵੀ ਮਹੱਤਵਪੂਰਨ ਸੰਕਟਾਂ ਵਾਂਗ ਜਾਪਦੀਆਂ ਹਨ।ਜੇਕਰ ਕਿਸੇ ਕੰਮ ਵਿੱਚ ਥੋੜਾ ਸਮਾਂ ਲੱਗ ਜਾਵੇ ਤਾਂ ਸਾਡਾ ਮਨ ਪਹਿਲਾਂ ਉਸ ਕੰਮ ਨੂੰ ਨਿਬੇੜਣ ਦਿੰਦਾ ਹੈ।ਅਸਫ਼ਲ ਹੋਣ ਤੇ ਸਾਡਾ ਮਨ ਇਹਨਾਂ ਨੂੰ ਸਾਡੀ ਪਹੁੰਚ ਤੋਂ ਪਰੇ ਦੱਸਦਾ ਹੈ।ਆਲੋਚਨਾ ਦੇ ਸਾਹਮਣੇ ਸਾਡਾ ਮਨ ਨਿਰਾਸ਼ਾਂ ਮਹਿਸੂਸ ਕਰਦਾ ਹੈ। ਅਜਿਹੇ ਮਾੜੇ ਸਮੇਂ ਅੰਦਰ ਦ੍ਰਿੜਤਾ ਅੰਦਰੂਨੀ ਤਾਕਤ ਹੈ ਜੋ ਮਨ ਨੂੰ ਟੁੱਟਣ ਤੋਂ ਬਚਾਉਦੀ ਹੈ ਅਤੇ ਵਿਚਾਰਾਂ ਨੂੰ ਖਿਲਰਨ ਅਤੇ ਬਰਬਾਦ ਹੋਣ ਤੋਂ ਬਚਾਉਦੀ ਹੈ।ਦ੍ਰਿੜਤਾ ਅਕਸਰ ਜਿੱਦ ਜਾਂ ਕਠੋਰਤਾ ਨਾਲ ਜੁੜੀ ਹੁੰਦੀ ਹੈ।ਹਾਲਾਂਕਿ ਸੱਚੀ ਦ੍ਰਿੜਤਾ ਕਦੇ ਵੀ ਕਠੋਰ ਨਹੀ ਹੁੰਦੀ,ਸਗੋਂ ਇਹ ਸਮਝਦਾਰੀ ਦੀ ਕੋਮਲਤਾ ਨਾਲ ਬਣੀ ਹੁੰਦੀ ਹੈ।ਦ੍ਰਿੜਤਾ ਹਮੇਸ਼ਾਂ ਸਹੀ ਰਸਤਾ ਚੁਣਨ,ਸਹੀ ਦਿਸ਼ਾ ਵੱਲ ਜਾਣ ਅਤੇ ਹਰ ਰੁਕਾਵਟ ਨੂੰ ਪਾਰ ਕਰਦੇ ਹੋਏ ਅੱਗੇ ਵੱਧਣ ਲਈ ਪ੍ਰੇਰਿਤ ਕਰਦੀ ਹੈ।ਦਿਮਾਗ ਤੇਜ ਹੋਣ ਕਰਕੇ ਹਾਲਾਤਾਂ ਦੇ ਬਦਲਦੇ ਸਮੇਂ ਦੇ ਅਨੁਸਾਰ ਇਹ ਆਪਣਾ ਰਸਤਾ ਬਦਲਦਾ ਰਹਿੰਦਾ ਹੈ,ਪਰ ਟੀਚੇ ਪ੍ਰਤੀ ਇਸ ਦੀ ਵਚਨਬੱਧਤਾ ਬਰਕਰਾਰ ਰਹਿੰਦੀ ਹੇ।ਇਹ ਸਿਆਣਿਆ ਦੀ ਕਦਰ ਕਰਦਾ ਹੈ।ਆਪਣੇ ਅੰਦਰਲੇ ਡਰ,ਨਿਰਾਸ਼ਾਂ,ਆਲਸ ਅਤੇ ਸ਼ੱਕ ਨੂੰ ਖਤਮ ਕਰ ਦਿੰਦਾ ਹੈ।ਦ੍ਰਿੜਤਾ ਇਕ ਉਹ ਗੁਣ ਹੈ,ਜੋ ਵਿਰੋਧੀ ਭਾਵਨਾਵਾਂ ਦੇ ਵਿਰੁਧ ਇਕ ਹਥਿਆਰ ਵਜੋਂ ਕੰਮ ਕਰਦਾ ਹੈ,ਉਹਨਾਂ ਨੂੰ ਕਾਬੂ ਵਿੱਚ ਰੱਖ ਕੇ ਮਨ ਨੂੰ ਆਪਣੇ ਟੀਚੇ ਤੱਕ ਪਹੁੰਚਾਉਣ ਦਾ ਕੰਮ ਕਰਦਾ ਹੈ। ਸਫ਼ਲਤਾ ਦਾ ਰਸਤਾ ਜਿੰਨਾਂ ਬਾਹਰੋ ਸੋਹਣਾ ਲੱਗਦਾ ਹੈ,ਉਨਾ ਹੀ ਔਖਾ ਅਤੇ ਅੰਦਰੋ ਸੰਘਰਸ਼ ਭਰਿਆ ਹੁੰਦਾ ਹੈ।ਅਸੀ ਅਕਸਰ ਕਿਸੇ ਵਿਅਕਤੀ ਨੂੰ ਮੰਜ਼ਲ ਤੱਕ ਪਹੁੰਚਦਿਆਂ ਦੇਖਦੇ ਹਾਂ,ਨਾ ਕਿ ਉਸ ਤੱਕ ਪਹੁੰਚਣ ਲਈ ਕੀਤੇ ਗਏ ਸਫ਼ਰ ਨੂੰ।ਅਸੀ ਸ਼ਾਇਦ ਆਪਣੇ ਇਰਾਦੇ ਨੂੰ ਬਣਾਏ ਰੱਖਣ ਦੇ ਜੋਸ਼ ਨੂੰ ਨਜ਼ਰਅੰਦਾਜ ਕਰਦੇ ਹਾਂ,ਭਾਵੇਂ ਉਹ ਸਫਰ ਦੇ ਦੌਰਾਨ ਕਿੰਨੀ ਵਾਰ ਵੀ ਟੁਟਿਆ ਹੋਵੇ।ਦ੍ਰਿੜਤਾ ਸਖਤ ਮਿਹਨਤ ਦੇ ਨਾਲ ਨਾਲ ਧੀਰਜ ਦੇ ਨਾਲ ਵੀ ਜੁੜੀ ਹੋਈ ਹੈ।ਆਪਣਾ ਹੌਸਲਾ ਹੀ ਸਖਤ ਮਿਹਨਤ ਨੂੰ ਕੀਮਤੀ ਬਣਾਉਦਾ ਹੈ।ਅਸੀ ਕੁਦਰਤ ਤੋਂ ਇਹ ਸਬਕ ਲਗਾਤਾਰ ਸਿੱਖਦੇ ਆ ਰਹੇ ਹਾਂ ਕਿ ਇਕ ਬੀਜ਼ ਨੂੰ ਮਿੱਟੀ ਵਿੱਚ ਦੱਬਣ ਨਾਲ ਤੁਰੰਤ ਰੁੱਖ ਨਹੀ ਬਣ ਜਾਂਦਾ।ਵਗਦਾ ਪਾਣੀ ਇਕ ਦਿਨ ਵਿੱਚ ਨਦੀ ਵਜੋਂ ਪਛਾਣ ਨਹੀ ਬਣਾ ਲੈਦਾ।ਪਹਾੜਾਂ ਦੀ ਹੋਂਦ ਵਿੱਚ ਆਉਣ ਲਈ ਸਦੀਆਂ ਲੱਗ ਜਾਦੀਆਂ ਹਨ।ਏਸੇ ਤਰਾਂ ਹੀ ਮਨੁੱਖ ਅੰਦਰ ਵੱਡੀਆਂ ਤਬਦੀਲੀਆ ਇਕ ਪਲ ਵਿੱਚ ਹੀ ਨਹੀ ਆਉਦੀਆਂ। ਦ੍ਰਿੜ ਇਰਾਦਾ ਮਨੁੱਖ ਨੂੰ ਲੰਬੇ ਸਫ਼ਰ ਦੇ ਲਈ ਤਿਆਰ ਕਰਦਾ ਹੈ ਉਹ ਉਸ ਨੂੰ ਹਮੇਸ਼ਾਂ ਹੀ ਪ੍ਰੇਰਿਤ ਕਰਦਾ ਹੈ ਕਿ ਰਸਤਾ ਜਰੂਰ ਔਖਾ ਹੋਵੇਗਾ,ਪਰ ਯਾਤਰਾ ਨੂੰ ਕਦੇ ਵੀ ਹਾਰ ਵਿੱਚ ਤਬਦੀਲ ਨਹੀ ਕਰੇਗਾ।ਛੋਟੇ-ਛੋਟੇ ਸੰਕਲਪ ਮਨ ਨੂੰ ਤਾਕਤ ਪ੍ਰਦਾਨ ਕਰਦੇ ਹਨ।ਸੰਕਲਪਾਂ ਦੁਆਰਾ ਹੀ ਮਨ ਹੌਲੀ-ਹੌਲੀ ਵੱਡੀਆਂ ਚੁਣੌਤੀਆਂ ਲਈ ਤਿਆਰ ਹੁੰਦਾ ਹੈ।ਦ੍ਰਿੜ ਇਰ-ਾਦੇ ਦੀ ਨੀਂਹ ਆਪਣੇ ਆਪ ਪ੍ਰਤੀ ਇਮਾਨਦਾਰੀ ਦਿਖਾਉਦੀ ਹੈ।ਜੋ ਵਿਅਕਤੀ ਆਪਣੇ ਆਪ ਨਾਲ ਵਾਅਦੇ ਕਰਦਾ ਹੈ ਅਤੇ ਫਿਰ ਉਨਾਂ ਨੂੰ ਜਲਦੀ ਤੋੜਦਾ ਹੈ,ਉਹ ਅੰਦਰੋਂ ਕਮਜ਼ੋਰ ਹੋ ਜਾਂਦਾ ਹੈ,ਪਰ ਜੋ ਵਿਅਕਤੀ ਆਪਣੇ ਆਪ ਪ੍ਰਤੀ ਵਚਨਬੱਧ ਹੁੰਦਾ ਹੈ,ਉਹ ਆਤਮ-ਵਿਸ਼ਵਾਸ਼ ਦੇ ਉਚੇ ਪੱਧਰ ਨੂੰ ਹਾਸਲ ਕਰਦਾ ਹੈ।

ਦ੍ਰਿੜ ਇਰਾਦਾ ਵਿਅਕਤੀ ਨੂੰ ਗੁਲਾਮ ਬਣਨ ਤੋਂ ਰੋਕਦਾ ਹੈ,ਇਹ ਵਿਅਕਤੀ ਨੂੰ ਹਾਲਾਤਾਂ ਨਾਲ ਲੜਨ ਲਈ ਸ਼ਕਤੀ ਪ੍ਰਦਾਨ ਕਰਦਾ ਹੈ,ਨਤੀਜੇ ਵਜੋਂ ਵਿਅਕਤੀ ਮਾਨਸਿਕ ਤੌਰ 'ਤੇ ਮਜ਼ਬੂਤ ਹੋ ਜਾਂਦਾ ਹੈ।ਦ੍ਰਿੜ ਇਰਾਦੇ ਵਾਲਾ ਵਿਅਕਤੀ ਡਿੱਗਣ ਤੋਂ ਬਾਅਦ ਵੀ ਉਠਦਾ ਹੈ,ਰੁੱਕਣ ਤੋਂ ਬਾਅਦ ਦੁਬਾਰਾ ਸ਼ੁਰੂਆਤ ਕਰਦਾ ਹੈ ਅਤੇ ਹਾਰਨ ਤੋਂ ਬਾਅਦ ਵੀ ਕੋਸ਼ਿਸ਼ ਕਰਦਾ ਹੈ।ਜਿੰਦਗੀ ਵਿੱਚ ਕਈ ਵਾਰੀ ਮਾਨਸਿਕ ਤੌਰ 'ਤੇ ਪਿੱਛੇ ਹੱਟ ਜਾਂਦੇ ਹਾਂ ਪਰ ਜੇਕਰ ਸਾਡੇ ਇਰਾਦੇ ਮਜ਼ਬੂਤ ਹਨ ਤਾਂ ਅਸੀ ਦੁਬਾਰਾ ਅੱਗੇ ਵਧਣ ਦੀ ਕੋਸ਼ਿਸ਼ ਕਰਦੇ ਹਾਂ। ਇਹਦੇ ਵਿੱਚ ਇਕ ਮਹੱਤਵਪੂਰਨ ਗੱਲ ਇਹ ਹੈ ਕਿ ਜੋ ਦ੍ਰਿੜ ਇਰਾਦੇ ਨਾਲ ਚੱਲ ਰਿਹਾ ਹੈ ਉਸ ਦੀ ਦਿਸ਼ਾਂ ਚੱਪੂ ਨਹੀ ਬਦਲ ਸਕਦਾ।ਇਸ ਲਈ ਇਕ ਟੀਚਾ ਹੋਣਾ ਚਾਹੀਦਾ ਜੋ ਆਤਮਾ ਨਾਲ ਅਤੇ ਡੂੰਘਾਈ ਨਾਲ ਜੁੜਦਾ ਹੋਵੇ।

ਸਾਨੂੰ ਇਹ ਸਪੱਸ਼ਟ ਹੋਣਾ ਪਵੇਗਾ ਕਿ ਅਸੀ ਅਸਲ ਵਿੱਚ ਕੀ ਚਾਹੁੰਦੇ ਹਾਂ,ਫਿਰ ਸਾਨੂੰ ਉਸ ਟੀਚੇ ਲਈ ਆਪਣੇ ਅੰਦਰ ਇਕ ਮਜ਼ਬੂਤ ਇਰ-ਾਦਾ ਬਣਾਉਣਾ ਚਾਹੀਦਾ ਹੈ।ਅੱਜ ਦੇ ਤੇਜ਼ੀ ਨਾਲ ਬਦਲ ਰਹੇ ਸੰਸਾਰ ਵਿੱਚ,ਬਹੁਤ ਮੁਕਾਬਲੇ ਅਤੇ ਗੁੰਝਲਦਾਰ ਚੁਣੌਤੀਆਂ ਦੇ ਵਿਚਕ-ਾਰ,ਸਾਨੂੰ ਦ੍ਰਿੜ ਇਰਾਦੇ ਨੂੰ ਸਿਰਫ਼ ਇੱਕ ਗੁਣ ਵਜੋਂ ਨਹੀ ਸਗੋਂ ਆਪਣੇ ਜੀਵਨ ਦੀ ਨੀਂਹ ਵਜੋਂ ਪੈਦਾ ਕਰਨਾ ਚਾਹੀਦਾ ਹੈ।ਜੋ ਵਿਅਕਤੀ ਅਟੱਲ ਦ੍ਰਿੜ ਇਰਾਦੇ ਨਾਲ ਜੀਵਨ ਜਾਰੀ ਰੱਖਦਾ ਹੈ ਉਹ ਸੱਚਮੁਚ ਸਫ਼ਲ ਹੋ ਜਾਂਦਾ ਹੈ।



**ਅਮਰਜੀਤ ਚੰਦਰ**
**9417600014**

Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition

# ਸਾਡੇ DIGITAL MEDIA ਨਾਲ ਜੁੜੋ

ਸਾਨੂੰ ਫੇਸਬੁੱਕ ਤੇ ਲਾਇਕ ਕਰੋ

facebook
samajweekly

ਸਾਨੂੰ ਐਕਸ ਤੇ ਫੌਲੋ ਕਰੋ

X @samajweekly

ਸਾਡੇ ਵਟਸਐਪ ਨਾਲ ਜੁੜੋ ਅਤੇ ਪਾਓ ਸਾਹਿਤ ਜਗਤ ਅਤੇ ਦੇਸ਼ ਦੁਨੀਆ ਨਾਲ ਜੁੜੀਆਂ ਬੇਹਤਰੀਨ ਖਬਰਾਂ




ਨਾਲ ਹੀ ਪਾਓ ਸਮਾਜ ਵੀਕਲੀ ਅਖਬਾਰ ਦਾ ਰੋਜਾਨਾ PDF ਉਹ ਵੀ ਬਿਲਕੁਲ ਮੁੱਫਤ

ਅਖਬਾਰ ਵਿੱਚ ਇਸ਼ਤਿਹਾਰ ਦੇਣ ਲਈ ਅਤੇ ਵੈਬਸਾਈਟ ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

+44 7878 456484
email:-Samajweekly@gmail.com